# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 11 ਸਾਲ ਛੇਵਾਂ ਨਵੰਬਰ, 1994




ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ :24660

# ਅੰਮ੍ਰਿਤ ਕੀਰਤਨ

ਅੰਕ 11 ਸਾਲ ਛੇਵਾਂ ਨਵੰਬਰ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਤੁਹਾਡੇ ਪੱਤਰ 1
2] ਛੰਦ ਅਤੇ ਤਾਲ ਬਾਰੇ 2
—ਪ੍ਰੋ: ਰਣਜੀਤ ਸਿੰਘ
3] ਕੈਸੱਟ ਸਮੀਖਿਆ 4
—ਹਰਚਰਨ ਸਿੰਘ
4] ਰਾਗ ਧਨਾਸਰੀ 7
ਪ੍ਰੋ: ਤਾਰਾ ਸਿੰਘ
5] ਸ੍ਰੀ ਦਰਬਾਰ ਸਾਹਿਬ ਦਾ ਪ੍ਰਸਾਰਨ ਵਿਦੇਸਾਂ ਵਿਚ 10
—ਹਰਜਾਪ ਸਿੰਘ
6] ਮਨੁੱਖੀ ਜੀਵਨ ਅਤੇ ਸੰਗੀਤ 12
—ਆਸ਼ਾ ਅਰਪਿਤ
7] ਪਰ ਨਿੰਦਾ ਪਰ ਮਲੁ ਮੁਖ ਸੁਧੀ 17
--ਬਬਲੀ ਐਸ. ਸਿੰਘ
8] ਹਿੰਦੁਸਤਾਨੀ ਸੰਗੀਤ ਕਲਾ 21
ਪਿਆਰਾ ਸਿੰਘ ਪਦਮ
9] ਆਇਆ ਜੀ ਵਿਚ ਤਲਵੰਡੀ 32
ਹਰਬੰਸ ਕੌਰ

**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ। ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90/ ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ।

# ਤੁਹਾਡੇ ਪੱਤਰ

Your are doing a great service to the cause of Gurbani-Kirtain.

Daljit Singh
Bishan Niwas
541 College Road
Civil lines Ludhana.

ਸਤੰਬਰ ਦਾ 'ਅੰਮ੍ਰਿਤ ਕੀਰਤਨ' ਮਿਲਿਆ, ਪੜ੍ਹ ਕੇ ਬੜੀ ਖੁਸ਼ੀ ਹੋਈ। ਸ.-ਸਰਦਾਰਾ ਸਿੰਘ ਦਾ ਲੇਖ 'ਨਿਰਬਾਨ ਕੀਰਤਨ' ਬਹੁਤ ਹੀ ਖੋਜ ਭਰਪੂਰ ਸੀ। ਡਾ. ਰਾਮਿੰਦਰ-ਸਿੰਘ ਦੀ 'ਛੰਦ ਅਤੇ ਤਾਲ' ਬਾਰੇ ਜਾਣਕਾਰੀ ਪਸੰਦ ਆਈ। ਪ੍ਰਿੰਸੀਪਲ ਦਿਆਲ ਸਿੰਘ ਦੀ ਰਾਗ ਬਿਹਾਗੜਾ ਵਿਚ 'ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ' ਨੋਟੇਸ਼ਨ ਬਹੁਤ ਚੰਗੀ ਲੱਗੀ, ਪ੍ਰਿੰਸੀਪਲ ਸਾਹਿਬ ਦੀਆਂ ਸੰਗੀਤ ਪੁਸਤਕਾਂ ਦੀ ਸੂਚੀ ਛਾਪਣ ਲਈ ਧੰਨਵਾਦ।

—ਸਚਦੇਵਾ ਸੰਗੀਤ ਅਕੈਡਮੀ
ਮਲੋਟ

'ਅੰਮ੍ਰਿਤ ਕੀਰਤਨ' ਮੈਗਜ਼ੀਨ ਚਲਾਉਣ ਲਈ ਆਪ ਵਧਾਈ ਦੇ ਪਾਤਰ ਹੋ। ਗੁਰੂ ਘਰ ਦਾ ਕੀਰਤਨੀਆਂ ਹਾਂ। ਆਪ ਜੀ ਦੇ ਮੈਗਜ਼ੀਨ ਦੀ ਸੁਰੱਜੀ ਅਗਵਾਈ ਦੁਆਰਾ ਮੈਂ ਆਪਣੇ ਕੀਰਤਨ 'ਚ ਹੋਰ ਨਿਖਾਰ ਲਿਆਵਾਂਗਾ। ਆਪ ਜੀ ਦਾ ਬਹੁਤ ਧੰਨਵਾਦ।

—ਬਲਵਿੰਦਰ ਸਿੰਘ ਪੰਮਾ
ਗੜ੍ਹਦੀਵਾਲਾ

ਹਰ ਮੈਗਜ਼ੀਨ ਨੂੰ ਧਿਆਨ ਨਾਲ ਪੜ੍ਹਦਾ ਹਾਂ। ਸਤੰਬਰ 94 ਦਾ ਅੰਕ ਮਿਲਿਆ। ਹਰਨਾਮ ਸਿੰਘ ਰਾਗੀ ਦੀ ਜੀਵਨੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਦਾ ਜਸ ਗਾਉਣ ਵਾਲੇ ਦੇ ਨਾਲ ਕੀ ਬੀਤਦੀ ਹੈ। ਆਖਿਰ ਪੰਜ ਸੌ ਦੀ ਪੈਨਸ਼ਨ ਸਿੰਘ ਸਭਾ ਨੇ ਲਗਾਈ। ਕਦ ਤਕ ਦਿੱਤੀ-ਕੁਝ ਪਤਾ ਨਹੀਂ। ਸ਼ਾਇਦ ਇਸ ਕਰਕੇ ਕੀਰਤਨੀਏ ਦਿਨ ਰਾਤ ਪੈਸਾ ਕਮਾਉਣ ਵਿਚ ਲੱਗੇ ਹੋਏ ਹਨ।

—ਜਗਜੀਤ ਸਿੰਘ ਜਾਬੇਵਾਲਾ
ਨਵੀਂ ਦਿੱਲੀ

# ਛੰਦ ਅਤੇ ਤਾਲ ਬਾਰੇ

ਪ੍ਰੋ. ਰਣਜ ਤ ਸਿੰਘ
ਸੰਗੀਤ ਵਿਭਾਗ, ਸਰਕਾਰੀ ਕਾਲਜ ਇਸਤਰੀਆਂ
ਲੁਧਿਆਣਾ

'ਅੰਮ੍ਰਿਤ ਕੀਰਤਨ' ਸਤੰਬਰ 1994 ਵਿਚ ਦਿੱਤਾ ਲੇਖ 'ਛੰਦ ਅਤੇ ਤਾਲ' ਪੜ੍ਹਿਆ ਅਤੇ ਵਿਚਾਰਨ ਤੋਂ ਭੁਲੇਖਾ ਪੈਂਦਾ ਹੋ ਗਿਆ। ਛੰਦ ਆਪਣੇ ਆਪ ਵਿਚ ਪ੍ਰੀਪੂਰਨ ਮਾਤਰਾ-ਬੱਧ ਤਾਲ ਹੈ। ਪੂਰਨ ਨੂੰ ਪਰਖਣ ਲਈ ਕਿਸੇ ਢੁਕਵੇਂ ਤਾਲ ਜਾਂ ਤਾਲ ਮਾਤਰਾ ਦੀ ਲੋੜ ਨਹੀਂ, ਛੰਦ ਖੁਦ ਹੀ ਇਕ ਤਾਲ ਹੈ। ਛੰਦ ਧੁਰੋਂ ਲੈ ਬੱਧ ਹੁੰਦੇ ਹਨ। ਉਹਨਾਂ ਨੂੰ ਕਿਸ ਰਾਗ ਵਿਚ ਸਵਰ-ਬੱਧ ਕਰਨਾ ਹੈ, ਇਹ ਗਾਉਣ ਵਾਲੇ ਦੀ ਰਜ਼ਾ ਹੈ, ਕਿਉਂਕਿ ਛੰਦ ਮਾਤਰਾ ਅਤੇ ਲੈਅ ਬੱਧ ਪਹਿਲਾਂ ਹੀ ਹੁੰਦਾ ਹੈ, ਸਵਰ-ਬੱਧ ਨਹੀਂ। ਦੂਜਾ: ਤਬਲੇ ਦੀ ਤਾਲ, ਲੈਅ ਅਤੇ ਛੰਦ ਦੀਆਂ ਮਾਤਰਾ ਬੇਸ਼ਕ ਬਰਾਬਰ ਹੋਣ 12, 10, 7, 6, 6 ਪਰ ਲੈਅ ਦੀ ਗਤੀ ਸਭ ਤੋਂ ਅੱਡਰੀ ਹੁੰਦੀ ਹੈ। ਤਾਲ ਨਾਲ ਵਜਾ ਕੇ ਅਨੁਮਾਨ ਕਿਸ ਵਿਸ਼ੇ ਦਾ ਲਾਉਣਾ ਹੈ ਇਹ ਗੱਲ ਸੂਝਵਾਨ ਛੰਦ ਗਿਆਤਾ ਨੂੰ ਅੰਧੇਰੇ ਵਿਚ ਪਾਉਂਦੀ ਹੈ। ਤੀਜਾ: ਤਾਲ ਕਦੇ ਸਵਰ ਤੇ ਨਹੀਂ ਗਾਏ ਜਾਂਦੇ ਬਲਕਿ ਪਖਾਵਜ, ਤਬਲਾ ਆਦਿ ਸਾਜ਼ਾਂ ਤੇ ਵਜਾਏ ਜਾਂਦੇ ਹਨ। ਛੰਦ, ਸਵਰ, ਲੈਅ, ਤਾਲ ਦੇ ਸਹਾਰੇ ਬੰਦਿਸ਼ ਵਿਚ ਆ ਕੇ ਆਪਣਾ ਕੰਮ ਕਰਦੇ ਹਨ। ਗੁਰਬਾਣੀ ਨੂੰ ਰਾਗ-ਬੱਧ ਤੇ ਰਾਗ-ਮੁਕਤ ਦੋ ਭਾਗਾਂ ਵਿੱਚ ਵੰਡਿਆ ਹੈ। ਇਹ ਵੰਡ ਗੁਰੂ ਸਾਹਿਬਾਂ ਦੀ ਆਪਣੀ ਵੰਡ ਹੈ। ਜਿਨ੍ਹਾਂ ਬਾਣੀਆਂ ਦਾ ਕੇਵਲ ਪਾਠ ਜਾਂ ਸਿਮਰਨ ਕਰਨਾ ਹੈ ਉਹ ਰਾਗ-ਮੁਕਤ (ਭਲਕੇ ਉਠਿ ਹਰਿਨਾਮੁ ਧਿਆਵੈ) ਸਵਾ ਪਹਿਰ ਗਈ ਰਾਤ ਵਾਲੇ ਮਨੁੱਖਾਂ ਲਈ ਹੈ। ਬਾਕੀ ਬਾਣੀ ਜੋ ਰਾਗਾਂ ਦੇ ਸਿਰਲੇਖ ਹੇਠ ਅੰਕਿਤ ਹੈ ਉਹ (ਚੜ੍ਹੇ ਦਿਵਸੁ ਗੁਰਬਾਣੀ ਗਾਵੈ) ਵਾਲੇ ਵਿਅਕਤੀਆਂ ਲਈ ਹੈ। ਇਨ੍ਹਾਂ ਦੋਵਾਂ ਤੋਂ ਇਲਾਵਾ ਤੀਜੇ ਭਾਗ ਵਿਚ ਆਉਣ ਵਾਲੇ ਵਿਅਕਤੀ ਮਨਾਹੀ ਦੇ ਹੱਕਦਾਰ ਨਹੀਂ ਉਹ ਜਦੋਂ ਸਮਾਂ ਲੱਗੇ ਪੜ੍ਹ ਅਤੇ ਗਾ ਸਕਦੇ ਹਨ।

ਗੁਰਬਾਣੀ ਵਿਚ ਆਏ ਛੰਦ ਲੋਕ ਧੁਨਾਂ ਅਤੇ ਲੋਕ ਧਾਰਨਾ ਦੀ ਉਪਜ ਹਨ। ਉਹਨਾਂ ਧੁਨਾਂ ਨੂੰ ਮੁੱਖ ਮੰਨ ਕੇ ਗੁਰੂ ਸਾਹਿਬਾਂ ਨੇ (ਧੁਰ ਕੀ ਬਾਣੀ) ਦਾ ਉਚਾਰਨ ਉਸ ਛੰਦ ਸ਼ੈਲੀ ਦੇ ਆਧਾਰ ਤੇ ਗਾ ਕੇ ਕੀਤਾ ਹੈ। ਇਸੇ ਲਈ ਇਹ ਛੰਦ ਕਿਸੇ ਸਾਸ਼ਤਰ ਆਚਾਰੀਆ ਨੇ ਨਹੀਂ ਬਣਾਏ। ਇਹ ਛੰਦ ਗੁਰੂ ਸਾਹਿਬਾਂ ਨੇ ਆਪ ਅਲਾਪੇ ਹਨ, ਕਿਨ੍ਹਾਂ ਕਿਸੇ ਵਾਦਕ ਦੇ। ਇਨ੍ਹਾਂ ਛੰਦਾਂ ਦੇ ਨਾਮ ਇਹ ਹਨ: ਘੋੜੀਆਂ, ਸੋਰਠੇ, ਦੋਹਰੇ, ਥਿਤੀ, ਅਸਟਪਦੀਆਂ ਵਾਰ, ਅੰਜਲੀਆਂ, ਚੌਬੋਲੇ, ਸੁਧੰਗ, ਸਵੱਯੇ, ਪਹਿਰੇ, ਰਹੋਏ ਕੇ ਅਤੇ ਛੰਦ ਕੀ ਜਤ ਇਨ੍ਹਾਂ ਸਭ

ਲਈ ਤਾਲ ਲੱਭਣ ਜਾਂ ਤਾਲ ਨਾਲ ਮਿਲਾ ਕੇ ਪਰਖਣ ਦੀ ਲੋੜ ਨਹੀਂ। ਤਬਲੇ ਦੀਆਂ ਤਾਲਾਂ ਅਣਗਿਣਤ ਹਨ। ਛੰਦ ਦੀਆਂ ਲੈਆਂ ਵੀ ਅਸੀਮਤ ਹਨ। ਛੰਦ ਆਪ ਇਕ ਤਾਲ ਸਵਰੂਪ ਹਨ। ਗੁਰੂ ਸਾਹਿਬਾਂ ਦੀ ਛੰਦ ਕ੍ਰਿਆ ਇਹਨਾਂ ਤਾਲਾਂ ਦੇ ਬਣਨ ਨਾਲੋਂ ਕਿਤੇ ਪਹਿਲਾਂ ਦੀ ਹੈ ਸਵਰ ਟੂਕਾਂ ਦੇ ਕੇ ਜੋ ਦੱਸਿਆ ਗਿਆ ਹੈ, ਉਹ ਨਿਰ ਆਧਾਰ ਹਨ। ਸੁਘੜ ਤਾਲਬੇਤਾ ਵਾਸਤੇ ਇਹ ਖੋਜ ਕੁਝ ਵੀ ਨਹੀਂ। **ਚੌਥਾ** : ਛੰਦ ਦੀ ਪਰਖ ਤਾਲ ਦੀਆਂ ਮਾਤਰਾਂ ਨਾਲ ਨਹੀਂ, ਲੈਅ ਨਾਲ ਹੁੰਦੀ ਹੈ, ਕਿਉਂਕਿ ਛੰਦ ਲੈਅ ਪ੍ਰਧਾਨ ਹੁੰਦੇ ਹਨ। ਲੈਅ ਨੂੰ ਪਰਖ ਕੇ ਇਹ ਲੱਭ ਸਕਦੇ ਹਨ ਮਾਤਰਾ 14, 12, 10 ਵਾਲੀ ਕਿਸ ਤਾਲ ਦੀ ਝੋਲ ਹੈ। ਇਹ ਮਤ ਗੁਰਬਾਣੀ ਸੰਗੀਤ ਦੀਆਂ ਟਕਸਾਲਾਂ ਦਾ ਹੈ, ਸ਼ਾਸ਼ਤਰਕਾਰਾਂ ਦਾ ਨਹੀਂ। ਜੋ ਬਿਲਕੁਲ ਇੰਨ ਬਿੰਨ ਠੀਕ ਹੈ। ਤਾਲ ਯੰਤਰ ਦੇ ਵਿਦਵਾਨਾਂ ਨੂੰ ਤਾਲ-ਵਾਦਕ ਆਖਿਆ ਜਾਂਦਾ ਹੈ ਤਬਲਚੀ ਨਹੀਂ।

ਨੋਟ :- 'ਅੰਮ੍ਰਿਤ ਕੀਰਤਨ' ਵਿਚ ਗੁਰਬਾਣੀ ਸੰਗੀਤ ਬਾਰੇ ਹੀ ਲੇਖ ਹੋਣੇ ਚਾਹੀਦੇ ਹਨ। ਕੇਵਲ ਉਹ ਹੀ ਲੇਖ ਤੇ ਕਿਸੇ ਵਿਦਵਾਨ ਕੀਰਤਨੀਏ ਦੀ ਜੀਵਨੀ ਛਾਪੀ ਜਾਇਆ ਕਰੇ ਜੋ ਆਉਂਦੀ ਪੀੜ੍ਹੀ ਨੂੰ ਕੀਰਤਨ ਦੀ ਸੇਧ ਅਤੇ ਜੀਵਨ ਵੀ ਦੇ ਸਕਦੇ ਹਨ। ਜਿਵੇਂ ਹੈੱਡ ਗਰੰਥੀ ਗਿਆਨੀ ਕਿਰਪਾਲ ਸਿੰਘ ਹੋਰਾਂ ਮਾਰਚ ਦੇ 'ਅੰਮ੍ਰਿਤ ਕੀਰਤਨ' ਵਿਚ ਕੀਰਤਨੀਆਂ ਬਾਰੇ ਭਰਪੂਰ ਸਲਾਘਾਯੋਗ ਜਾਣਕਾਰੀ ਦਿੱਤੀ ਹੈ।

# ਕੈਸੱਟ ਸਮੀਖਿਆ
# ਸੁਣਿ ਸੁਣਿ ਜੀਵਾਂ ਤੇਰੀ ਬਾਣੀ

ਹਰਚਰਨ ਸਿੰਘ,
173, ਪਾਰਕ ਸਟਰੀਟ,
ਕਲਕੱਤਾ-700017.

ਹਿਜ਼ ਮਾਸਟਰਜ਼ ਵਾਇਸ (ਐਚ. ਐਮ. ਵੀ) ਮਗਰੋਂ ਟੀ ਸਿਰੀਜ਼ ਕੰਪਨੀ ਨੇ ਭਾਰਤ ਵਿਚ ਸੰਗੀਤ ਦੇ ਖੇਤਰ ਵਿਚ ਨਵੇਂ ਮੀਲ ਪਥੱਰ ਕਾਇਮ ਕੀਤੇ ਹਨ। ਭਾਵੇਂ ਇਸ ਕੰਪਨੀ ਦੀ ਸ਼ੁਰੂਆਤ ਸਮੇਂ ਕਈ ਪ੍ਰਸ਼ਨ ਉੱਠੇ ਸਨ ਅਤੇ ਕਈ ਕਿੰਤੂ ਵੀ ਕੀਤੇ ਗਏ ਸਨ, ਪਰੰਤੂ ਇਸ ਦੇ ਮਾਲਕ ਸ੍ਰੀ ਗੁਲਸ਼ਨ ਕੁਮਾਰ ਨੇ ਆਪਣੀ ਲਗਨ ਅਤੇ ਸਿਆਣਪ ਸਦਕਾ ਅਸੰਭਵ ਨੂੰ ਸੰਭਵ ਕਰ ਦਿਖਾ ਦਿਤਾ ਹੈ। ਜਿਸ ਦਾ ਨਤੀਜਾ ਅੱਜ ਟੀ. ਸਿਰੀਜ਼ ਐਚ. ਐਮ. ਵੀ. ਦੇ ਮੁਕਾਬਲੇ ਤੇ ਹੀ ਨਹੀਂ ਬਲਕਿ ਕਈ ਪੱਖਾਂ 'ਤੇ ਅੱਗੇ ਵੀ ਹੈ।

ਪਿਛਲੇ ਦਿਨੀਂ ਟੀ. ਸਿਰੀਜ਼ ਵੱਲੋਂ ਸਿੱਖ ਪੰਥ ਦੇ ਪ੍ਰਸਿਧ ਰਾਗੀ, ਭਾਈ ਹਰਬੰਸ ਸਿੰਘ ਜਗਾਧਰੀ ਵਾਲੇ ਅਤੇ ਮਸ਼ਹੂਰ ਫਿਲਮੀ ਗਾਇਕਾ ਅਨੁਰਾਧਾ ਪੌਡਵਾਲ ਦੇ ਗਾਏ ਅੱਠ ਸ਼ਬਦਾਂ ਦੀ ਇਕ ਆਡੀਉ ਕੈਸੱਟ ਰਿਲੀਜ਼ ਕੀਤੀ ਹੈ।

ਭਾਈ ਹਰਬੰਸ ਸਿੰਘ ਜਗਾਧਰੀ ਵਾਲਿਆਂ ਦਾ ਸਿੱਖ ਜਗਤ ਪ੍ਰਤੀ ਬਹੁਤ ਉਪਕਾਰ ਹੈ ਅਤੇ ਇਸੇ ਕਾਰਨ ਸਤਿਕਾਰ ਵੀ। ਉਨ੍ਹਾਂ ਨੇ ਪਿਛਲੇ 40 ਸਾਲਾਂ ਦੌਰਾਨ ਨਵੀਆਂ ਮੰਜ਼ਿਲਾਂ ਤਹਿ ਕੀਤੀਆਂ ਹਨ, ਆਪ ਜੀ ਦੇ ਪਿਤਾ ਜੀ ਸੰਤ ਬਾਬਾ ਨੰਦ ਸਿੰਘ ਅਤੇ ਸੰਤ ਬਾਬਾ ਈਸ਼ਰ ਸਿੰਘ ਜੀ ਦੇ ਵਰੋਸਾਏ ਹੋਏ ਸਨ ਅਤੇ ਆਪ ਜੀ ਨੂੰ ਆਪਣੇ ਪਿਤਾ ਜੀ ਪਾਸੋਂ ਹੀ ਕੀਰਤਨ ਦੀ ਲਗਨ ਲੱਗੀ। ਆਪ ਨੇ ਦੇਸ਼ ਅਤੇ ਵਿਦੇਸ਼ ਦੇ ਹਰ ਕੋਨੇ ਦਾ ਭ੍ਰਮਣ ਕੀਤਾ ਹੈ। ਆਪ ਜੀ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਕਈ ਨੌਜਵਾਨ ਰਾਗੀ ਜਥਿਆਂ ਨੂੰ ਪ੍ਰੇਰਨਾ ਮਿਲੀ। ਆਪ ਨੇ ਆਪਣੇ ਸਪੁਤਰਾਂ ਨੂੰ ਵੀ ਆਪਣੇ ਜੱਥੇ ਵਿਚ ਸ਼ਾਮਲ ਕੀਤਾ ਹੈ। ਆਪ ਜੀ ਦੀਆਂ ਅਣਗਿਣਤ ਕੈਸੱਟਾਂ ਮਾਰਕਿਟ ਵਿਚ ਰਿਲੀਜ਼ ਹੋ ਚੁਕੀਆਂ ਹਨ ਅਤੇ ਆਏ ਦਿਨ ਨਵੀਂ ਕੈਸੱਟ ਦੀ ਮੰਗ ਰਹਿੰਦੀ ਹੈ।

ਆਪ ਜੀ ਜਿਵੇਂ ਸਟੇਜ 'ਤੇ ਕੀਰਤਨ ਕਰਦੇ ਹਨ ਉਸੇ ਤਰ੍ਹਾਂ ਆਪ ਜੀ ਦੀ ਹਰ ਕੈਸਟ ਵਿਚ ਕੀਰਤਨ ਦੇ ਨਾਲ ਕਥਾ ਅਵਸ਼ ਹੁੰਦੀ ਹੈ। ਆਪ ਜੀ ਦਾ ਕਥਾ ਕਰਨ ਦਾ ਢੰਗ ਅਤਿ ਪ੍ਰਭਾਵਸ਼ਾਲੀ, ਖੋਜਪੂਰਨ ਅਤੇ ਨਿਵੇਕਲਾ ਹੁੰਦਾ ਹੈ, ਜਿਸ ਕਾਰਨ ਆਪ ਜੀ ਦੀਆਂ ਕੈਸਟਾਂ ਸੁਣਨ ਵਾਲਿਆਂ ਦਾ ਇਕ ਵਿਸ਼ੇਸ਼ ਵਰਗ ਬਣ ਗਿਆ ਹੈ, ਕਿਉਂਕਿ ਹਰ ਕੀਰਤਨ ਪ੍ਰੇਮੀ ਸ਼ਬਦ ਨਾਲ ਕਥਾ ਸੁਣਨ ਦਾ ਆਦੀ ਨਹੀਂ। ਪਰ ਹਥਲੀ ਕੈਸੱਟ ਦੀ ਇਹ

ਵਿਸ਼ੇਸ਼ਤਾ ਹੈ ਕਿ ਇਸ ਵਿਚ ਨਿਰੋਲ ਕੀਰਤਨ ਕੀਤਾ ਗਿਆ ਹੈ ਅਤੇ ਕਥਾ ਦਾ ਕੋਈ ਅੰਸ਼ ਨਹੀਂ।

ਅਨੁਰਾਧਾ ਪੌਡਵਾਲ ਭਾਵੇਂ ਮੂਲ ਰੂਪ ਵਿਚ ਮਹਾ-ਰਾਸ਼ਟਰੀਅਨ ਹੈ ਅਤੇ ਹਿੰਦੀ ਫਿਲਮੀ ਗਾਣੇ ਗਾਉਂਦੀ ਹੈ, ਉਸ ਨੇ ਇਸ ਕੈਸੱਟ ਵਿਚ ਸ਼ਬਦਾਂ ਦਾ ਗਾਇਨ ਬੜੇ ਹੀ ਸ਼ੁਧ ਅਤੇ ਸਪੱਸ਼ਟ ਢੰਗ ਨਾਲ ਕੀਤਾ ਹੈ, ਕੈਸੱਟ ਦਾ ਸੰਗੀਤ ਕਿਸ ਨੇ ਤਿਆਰ ਕੀਤਾ ਹੈ, ਇਸ ਸੰਬੰਧ ਵਿਚ ਕਵਰ ਉੱਤੇ ਕੋਈ ਉੱਲੇਖ ਨਹੀਂ, ਪਰੰਤੂ ਰੀਤਾ ਸੁਣਨ ਨਾਲ ਇੰਜ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਇਹ ਰੀਤਾਂ ਭਾਈ ਹਰਬੰਸ ਸਿੰਘ ਜੀ ਦੀਆਂ ਹੀ ਘੜੀਆਂ ਹੋਈਆਂ ਹਨ।

ਕੈਸੱਟ ਦੀ 'ਏ' ਸਾਈਡ ਦਾ ਪਹਿਲਾ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਿਆ ਹੋਇਆ ਹੈ ਅਤੇ ਸੂਹੀ ਮਹਲਾ 5 ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 749 ਉੱਪਰ ਅੰਕਿਤ ਹੈ। ਇਸ ਸ਼ਬਦ ਦੀ ਰਹਾਉ ਦੀ ਤੁਕ ਹੈ —"ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ" ਅਰਦਾਸਿ ਕਰੀ ਪ੍ਰਭ ਅਪਨੇ ਆਗੈ, ਸੁਣਿ ਸੁਣਿ ਜੀਵਾ ਤੇਰੀ ਬਾਣੀ ॥" ਪਰੰਤੂ ਭਾਈ ਸਾਹਿਬ ਨੇ ਇਸ ਸ਼ਬਦ ਦਾ ਆਰੰਭ "ਸੁਣਿ ਸੁਣਿ ਜੀਵਾ ਤੇਰੀ ਬਾਣੀ" ਨਾਲ ਕੀਤਾ ਹੈ, ਇਹ ਸ਼ਬਦ ਭਾਈ ਸਾਹਿਬ ਅਤੇ ਅਨੁਰਾਧਾ ਪੌਡਵਾਲ ਨੇ ਸਾਂਝੇ ਤੌਰ 'ਤੇ ਕਹਿਰਵੇ ਤਾਲ ਵਿਚ ਨਿਬੱਧ ਬੰਦਿਸ਼ 'ਤੇ ਕੀਤਾ ਹੈ।

ਕੈਸੱਟ ਦਾ ਦੂਜਾ ਸ਼ਬਦ ਪਉੜੀ (ਮਾਰੂ ਡਖਣੇ ਵਾਰ ਮ: 5) ਅਧੀਨ ਸ੍ਰੀ ਗਰੰਥ ਸਾਹਿਬ ਦੇ ਪੰਨਾ 1097 ਉਪਰ ਅੰਕਿਤ ਹੈ। ਇਸ ਸ਼ਬਦ ਦੀ ਪਹਿਲੀ ਪੰਕਤੀ "ਹਉ ਢਾਢੀ ਦਰਿ ਗੁਣ ਗਾਵਦਾ, ਜੇ ਹਰਿ ਪ੍ਰਭੁ ਭਾਵੈ।" ਹੈ। ਪਰ ਭਾਈ ਸਾਹਿਬ ਨੇ ਇਸ ਸ਼ਬਦ ਦੀ ਅਸਥਾਈ ਦੀ ਤੁੱਕ ਰੱਖੀ ਹੈ—"ਪ੍ਰਭੁ ਜੀਉ ਦੇਵਹੁ ਦਰਸਨੁ ਆਪਣਾ।" ਇਹ ਸ਼ਬਦ ਭਾਈ ਸਾਹਿਬ ਨੇ ਇਕਲਿਆਂ ਹੀ ਗਾਇਆ ਹੈ, ਬੰਦਿਸ਼ ਬੜੀ ਸੁੰਦਰ ਅਤੇ ਮਿੱਠੀ ਕਹਿਰਵੇ ਤਾਲ ਵਿਚ ਹੈ, ਵਿਸ਼ੇਸ਼ ਕਰਕੇ ਅੰਤਰੇ ਬੜੇ ਹੀ ਸੁਰੀਲੇ ਹਨ। ਸਾਜ਼ਿੰਦਿਆਂ ਨੇ ਸੰਗੀਤ ਦਾ ਸਾਥ ਆਪਣੇ ਆਪਣੇ ਸਾਜ਼ਾਂ ਤੇ ਬਹੁਤ ਵਧੀਆ ਢੰਗ ਨਾਲ ਦਿੱਤਾ ਹੈ।

ਕੈਸੱਟ ਦੀ 'ਏ' ਸਾਈਡ ਦਾ ਤੀਜਾ ਸ਼ਬਦ ਭਾਈ ਸਾਹਿਬ ਨੇ ਅਤੇ ਅਨੁਰਾਧਾ ਪੌਡਵਾਲ ਨੇ ਸਾਂਝੇ ਤੌਰ 'ਤੇ ਗਾਇਨ ਕੀਤਾ ਹੈ। ਇਸ ਸ਼ਬਦ ਦੀ ਅਸਥਾਈ ਦੀ ਤੁੱਕ— "ਰਾਤੀ ਜਾਏ ਸੁਣੇ ਗੁਰਬਾਣੀ" ਰੱਖੀ ਗਈ ਹੈ। ਇਹ ਸ਼ਬਦ ਭਾਈ ਗੁਰਦਾਸ ਜੀ ਦੀ ਵਾਰ 10, ਪਉੜੀ 6 ਨਾਲ ਸਬੰਧਿਤ ਹੈ ਅਤੇ ਇਸ ਸ਼ਬਦ ਦੀ ਪ੍ਰਥਮ ਪੰਕਤੀ —"ਸੁਖ਼-ਰਾਜੇ ਹਰੀਚੰਦ ਘਰਿ, ਨਾਰਿ ਸੁ ਤਾਰਾ ਲੋਚਨ ਰਾਣੀ ਹੈ"। ਇਸ ਸ਼ਬਦ ਨੂੰ ਭਾਈ ਸਾਹਿਬ ਅਤੇ ਅਨੁਰਾਧਾ ਪੌਡਵਾਲ ਨੇ ਇਤਨੀ ਖੂਬਸੂਰਤੀ ਨਾਲ ਤਰਤੀਬ ਦੇ ਕੇ ਗਾਇਆ ਹੈ ਕਿ ਸਰੋਤਾ ਸੰਗੀਤਾਮਕ ਪੱਖੋਂ ਤਾਂ ਪ੍ਰਭਾਵਿਤ ਹੁੰਦਾ ਹੁੰਦਾ ਹੀ ਹੈ, ਨਾਲ ਕਥਾ ਕੀਤੇ ਬਗੈਰ ਹੀ ਰਾਜੇ ਹਰੀਚੰਦ ਅਤੇ ਉਸ ਦੀ ਗੁਰੂ ਅਤੇ ਗੁਰਬਾਣੀ ਪ੍ਰੇਮੀ ਰਾਣੀ ਦੀ ਗਾਥਾ ਉੱਘੜ ਕੇ ਸਾਹਮਣੇ ਆ ਜਾਂਦੀ ਹੈ।

'ਏ' ਸਾਈਡ ਦਾ ਚੌਥਾ ਸ਼ਬਦ ਭਾਈ ਹਰਬੰਸ ਸਿੰਘ ਜੀ ਨੇ ਇਕੱਲੇ ਹੀ ਗਾਇਨ ਕੀਤਾ। ਇਹ ਸ਼ਬਦ ਸੁਖਮਨੀ ਸਾਹਿਬ ਦੀ 20ਵੀਂ ਅਸ਼ਟਪਦੀ ਦੀ ਪੰਜਵੀਂ ਪਉੜੀ ਹੈ ਅਤੇ ਇਸ ਦੀ ਪਹਿਲੀ ਤੁੱਕ ਹੈ—"ਸਾਜਨ ਸੰਤ ਕਰਹੁ ਇਹੁ ਕਾਮੁ"। ਆਨ ਤਿਆਗ ਜਪਹੁ ਹਰਿ ਨਾਮੁ"—ਪ੍ਰੰਤੂ ਭਾਈ ਸਾਹਿਬ ਨੇ ਇਸ ਸ਼ਬਦ ਦੀ ਟੇਕ—"ਜਪਹੁ ਹਰਿ-ਨਾਮੁ"—ਨੂੰ ਬਣਾਇਆ ਹੈ। ਦਾਦਰਾ ਤਾਲ ਵਿਚ ਆਪ ਨੇ ਬੜੇ ਸੁੰਦਰ ਢੰਗ ਨਾਲ ਇਸ ਸ਼ਬਦ ਨੂੰ ਆਪਣੇ ਪੁਰਕਸ਼ਿਸ਼ ਅੰਦਾਜ਼ ਵਿਚ ਗਾਇਆ ਹੈ।

ਇਸ ਕੈਸੱਟ ਦੀ 'ਬੀ' ਸਾਈਡ ਦਾ ਪਹਿਲਾ ਸ਼ਬਦ ਅਨੁਰਾਧਾ ਪੌਡਵਾਲ ਨੇ ਇਕੱ-ਲਿਆ ਗਾਇਆ ਹੈ ਜੋ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਉਚਾਰਿਆ ਹੋਇਆ ਹੈ, ਇਸ ਸ਼ਬਦ ਦੀ ਟੇਕ—"ਹਾਲ ਮਰੀਦਾਂ ਦਾ ਕਹਿਣਾ"—ਹੈ। ਕਹਿਰਵੇ ਤਾਲ ਵਿਚ ਨਿਬੱਧ ਇਹ ਬੰਦਿਸ਼ ਬਹੁਤ ਪਿਆਰੀ ਬਣ ਆਈ ਹੈ।

'ਬੀ' ਸਾਈਡ ਦਾ ਦੂਜਾ ਸ਼ਬਦ ਭਾਈ ਹਰਬੰਸ ਸਿੰਘ ਨੇ ਇਕਲਿਆਂ ਗਾਇਆ ਹੈ ਅਤੇ ਕਹਿਰਵੇ ਤਾਲ ਵਿਚ ਨਿਬੱਧ ਇਸਦੀ ਟੇਕ ਰੱਖੀ—"ਗੁਰੂ ਨਾਨਕ ਕੀ ਵਡਿਆਈ"। ਜਦ ਕਿ ਇਸ ਸ਼ਬਦ ਦੀ ਰਹਾਉ ਤੁਕ ਹੈ—"ਪ੍ਰਭ ਬਾਣੀ ਬਬਦੁ ਸੁਭਾਖਿਆ। ਗਵਹੁ ਸੁਣਹੁ ਪੜਹੁ ਨਿਤ ਭਾਈ, ਗੁਰ ਪੂਰੈ ਤੂ ਰਾਖਿਆ"। ਇਹ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 611 ਤੇ ਅੰਕਿਤ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ।

'ਬੀ' ਸਾਈਡ ਦਾ ਤੀਜਾ ਸ਼ਬਦ ਸੁਖਮਨੀ ਸਾਹਿਬ ਦੀ 20ਵੀਂ ਅਸ਼ਟਪਦੀ ਦੀ ਪਹਿਲੀ ਪੌੜੀ ਤੇ ਅਧਾਰਿਤ ਹੈ। ਇਸ ਸ਼ਬਦ ਦੀ ਪਹਿਲੀ ਪੰਕਤੀ ਹੈ—"ਜਾਚਕ ਜਨੁ ਜਾਚੈ ਪ੍ਰਭ ਦਾਨੁ"। ਪਰੰਤੂ ਭਾਈ ਸਾਹਿਬ ਨੇ ਇਸ ਨੂੰ—"ਸਦਾ ਸਦਾ ਪ੍ਰਭ ਦੇ ਗੁਣ ਗਾਵਉ" —ਟੇਕ ਰਖ ਕੇ ਗਾਇਨ ਕੀਤਾ ਹੈ। ਇਸ ਸ਼ਬਦ ਨੂੰ ਇਸ ਕੈਸੱਟ ਦਾ ਸ਼ਾਹਕਾਰ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

'ਬੀ' ਸਾਈਡ ਦਾ ਚੌਥਾ 'ਤੇ ਕੈਸੱਟ ਦਾ ਅੰਤਲਾ ਸ਼ਬਦ ਵੀ ਭਾਈ ਸਾਹਿਬ ਨੇ ਇਕੱਲਿਆਂ ਗਾਇਨ ਕੀਤਾ ਹੈ। ਸ਼ਬਦ ਰੂਪਕ ਤਾਲ ਵਿਚ ਨਿਬੱਧ ਹੈ ਅਤੇ ਬੋਲ ਹਨ—"ਦੇਹੁ ਸ਼ਿਵਾ ਬਰ ਮੋਹਿ ਇਹੈ"—ਭਾਈ ਸਾਹਿਬ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਇਸ ਦਾ ਗ ਇਨ ਕੀਤਾ ਹੈ, ਸਮੁੱਚੇ ਤੌਰ 'ਤੇ ਇਹ ਕੈਸੱਟ ਸੁਹਣੀ ਬਣ ਆਈ ਹੈ ਅਤੇ ਵਾਰ ਵਾਰ ਇਸ ਨੂੰ ਸੁਣਨ ਦੀ ਇਸ ਨੂੰ ਸੁਣਨ ਦੀ ਇੱਛਾ ਹੁੰਦੀ ਹੈ।

# ਰਾਗ ਧਨਾਸਰੀ

ਆਰੋਹ : ਸਾ, ਨ਼ੀ ਸਾ ਗੁਮਧ, ਨ਼ੀ ਸਾਂ

ਅਵਰੋਹ : ਸਾਂ ਨ਼ੀ ਧ ਪ, ਮ ਗੁ, ਪ ਗੁ, ਮ ਗੁ ਰੇ ਸਾ ।

ਮੁੱਖ ਅੰਗ : ਸਾ, ਗੁ ਗੁ ਪ, ਮ ਪ ਗੁ, ਰੇ ਸਾ ।

ਥਾਟ— ਕਾਫ਼ੀ ।

ਵਰਜਿਤ—ਆਰੋਹ ਵਿਚ ਰਿਸ਼ਭ ਅਤੇ ਧੈਵਤ ॥

ਜਾਤੀ—ਔਡਣ, ਸੰਪੂਰਣ ॥

ਵਾਦੀ—ਪੰਚਮ ॥

ਸੰਵਾਦੀ—ਸ਼ੜਜ ॥

ਸਮਾਂ—ਦਿਨ ਦਾ ਤੀਜਾ ਪਹਿਰ

—ਪ੍ਰੋ. ਤਾਰਾ ਸਿੰਘ

## ਰਾਗ ਧਨਾਸਰੀ (ਕਾਫ਼ੀ ਥਾਟ) ਤਿੰਨ ਤਾਲ

| × | 2 | 0 | 3 |
|---|---|---|---|
| ਸਥਾਈ : | ਪਨ਼ੀ ਸਾਂਨ਼ੀ ਧ ਪ | - ਮਪਧ ਮ ਪ | ਗੁ - ਮ ਧ |
| | ਜs ਨs ਕਉ s | s ਪ੍ਰਭ ਅ ਪ | ਨੇ s ਕਾ s |
| ਸਾਂ - - ਸਾਂ | ਪਨ਼ੀ ਸਾਂਨ਼ੀ ਧ ਪ | ਮ ਪ ਗੁ ਮ | ਧ - ਗੁ ਮ |
| ਤਾ s s ਣੁ | ਜੋs ss ਤੂ s | ਕ ਰ ਹਿ ਕ | ਰਾ s ਵ ਹਿ |
| ਗੁ - ਰੇ ਸਾ | ਨ਼ੀ ਸਾ ਗੁ ਮ | [ਪ ਪ ਗੁ ਮ] | ਪਨ਼ੀ ਸਾਂਰੇਂ ਨ਼ੀਮਾਂ ਗੁਂਰੇਂ |
| ਸੁਆ s ਮੀ s | ਸਾ s ਮ ਸ | ਲ ਤਿ ਪ ਰ | ਵਾs ss ss ss |

ਸਾਂਨ਼ੀ ਧਪ ਮਗੁ ਰੇਸਾ

ss ss ss ਣੁs

## ਅੰਤਰਾ ।

| | | | |
|---|---|---|---|
| | ਪ ਪ ਪ - | ਮਧ ਧਮ ਗੁ ਮ | ਪ - ਨੁ ਨੀ |
| | ਘ ਰਿ ਬਾ ऽ | ਹऽ ਰਿऽ ਭੇ ऽ | ਰਾ ऽ ਭ ਰ |
| ਸਾ - ਸਾ - | ਪ ਨੀ ਸਾਂ ਗੁੰ | ਰੇਂ - ਸਾਂ - | ਨੀ ਸਾਂ ਨੀਸਾਂ ਰੇਂਸਾਂ |
| ਵਾ ऽ ਸਾ ऽ | ਤੂ ऽ ਜ ਨ | ਕੇ ऽ ਹੈ ऽ | ਸੰ ऽ ऽऽ ऽऽ |
| ਨੀ ਨੀ ਧ ਪ | ਮ ਪ ਗੁ ਮ | ਗੁਮ ਪਨੀ ਧ ਪ | ਧ ਮ ਪ ਗੁ |
| ऽ ऽ ऽ ਗਿ | ਕ ਰਿ ਕਿ ਰ | ਪਾऽ ऽऽ ਪ੍ਰੀ ऽ | ਤ ਮ ਪ੍ਰ ਭ |
| ਮ ਗੁ ਰੇ ਸਾ | ਨੀ ਸਾ ਗੁ ਮ | ਪ - ਗੁ ਮ | ਪਨੁ ਸਾਂਰੇਂ ਨੀਸਾਂ ਗੁੰਰੇਂ |
| ਅ ਪ ਨੇ ऽ | ਨਾ ऽ ਮ ਜ | ਪਉ ऽ ਹ ਰਿ | ਰੰऽ ऽऽ ऽऽ ऽऽ |

ਸਾਂਨੀ ਧਪ ਮਗੁ ਰੇਂਸਾ

ऽऽ ऽऽ ऽऽ ਗਿऽ

(ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ)

### ਧਨਾਸਰੀ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥

ਕਰਿ ਕਿਰਪਾ ਪ੍ਰੀਤਮ ਪ੍ਰਭ ਅਪਨੇ ਨਾਮ ਜਪਉ ਹਰਿ ਰੰਗਿ ॥ ੧ ॥

ਜਨ ਕਉ ਪ੍ਰਭ ਅਪਨੇ ਕਾ ਤਾਣੁ ॥

ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ੧ ॥ ਰਹਾਉ ॥

ਪਤਿ ਪਰਮੇਸਰੁ ਗਤਿ ਨਾਰਾਇਣ ਧਨੁ ਗੁਪਾਲ ਗੁਣ ਸਾਖੀ ॥

ਚਰਨ ਸਰਨ ਨਾਨਕ ਦਾਸ ਹਰਿ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥

੨ ॥ ੧ ॥ ੨੪ ॥

(ਗੁ.ਗ੍ਰੰ. ਪਨਾ ੬੭੭)

## Dhanasri 5th Guru.

There is but Ond God.

By True Guru's grace, He is obtained.

Within home and without I have Thine support, O Lord.
Thou art ever with Thy slave.

O my loved Lord, take pity on me,
that I may utter God's Name with love.

The Lord is the only suppot of His slave.
Whatever Thou does or causeth to do,
O Lord; That I deem to be in my welfare. Pause.

The Lord is my honour, the Lord is may emancipation
& the virtuous gospel of the world cherisher is my wealth.
Slave Nanak seeks the protection of the Lord God's feet.
This way of life he has learnt from the saints.

## ਧਨਾਸਰੀ ਪੰਜਵੀਂ ਪਾਤਿਸ਼ਾਹੀ।

ਵਾਹਿਗੁਰੂ ਕੇਵਲ ਇਕ ਹੈ।
ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਧਾਮ ਦੇ ਅੰਦਰ ਤੇਰਾ ਹੀ ਸਹਾਰਾ ਹੈ,
ਹੇ ਸੁਆਮੀ ! ਤੂੰ ਸਦਾ ਆਪਣੇ ਗੋਲੇ ਦੇ ਅੰਗ ਸੰਗ ਹੈਂ।

ਹੇ ਮੇਂਡੇ ਪਿਆਰੇ ਪ੍ਰਭੂ ! ਮੇਰੇ ਉਤੇ ਰਹਿਮਤ ਧਾਰ,
ਤਾਂ ਜੋ ਮੈਂ ਵਾਹਿਗੁਰੂ ਦੇ ਨਾਮ ਨੂੰ ਪ੍ਰੇਮ ਨਾਲ਼ ਉਚਾਰਨ ਕਰਾਂ।

ਸਾਹਿਬ ਹੀ ਆਪਣੇ ਸੇਲੇ ਦਾ ਕੱਲਮ ਕੱਲਾ ਆਸਰਾ ਹੈ।

ਜਿਹੜਾ ਕੁਛ ਤੂੰ ਕਰਦਾ ਜਾਂ ਕਰਾਉਂਦਾ ਹੈਂ,
ਹੇ ਪ੍ਰਭੂ ! ਉਸ ਵਿਚ ਹੀ ਮੈਂ ਆਪਣੀ ਇਹ ਰੀ ਜਾਣਦਾ ਹਾਂ ਠਹਿਰਾਉ।

ਸੁਆਮੀ ਮੇਰੀ ਇਜ਼ਤ ਆਬਰੂ ਹੈ, ਸੁਆਮੀ ਮੇਰੀ ਕਲਿਆਣ ਹੈ ਅਤੇ ਸ੍ਰਿਸ਼ਟੀ ਦੇ
ਪਾਲਣਹਾਰ ਦੀ ਪਾਕ ਕਥਾ ਵਾਰਤਾ ਹੀ ਮੇਰੀ ਦੌਲਤ ਹੈ।

ਗੋਲਾ ਨਾਨਕ ਸੁਆਮੀ ਵਾਹਿਗੁਰੂ ਦੇ ਪੈਰਾਂ ਦੀ ਪਨਾਹ ਲੋੜਦਾ ਹੈ।
ਇਹ ਜੀਵਨ ਰਹੁ ਰੀਤੀ ਉਸ ਨੇ ਸਾਧੂਆਂ ਕੋਲੋਂ ਸਿਖੀ ਹੈ।

# ਸ੍ਰੀ ਦਰਬਾਰ ਸਾਹਿਬ ਦਾ ਪਰਸਾਰਨ ਵਿਦੇਸ਼ਾਂ ਵਿੱਚ

—ਹਰਜਾਪ ਸਿੰਘ

ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸ਼ਬਦ ਕੀਰਤਨ ਦਾ ਪਰੋਗਰਾਮ ਦੋ ਵਾਰੀ ਨਸ਼ਰ ਕੀਤਾ ਜਾਂਦਾ ਹੈ। ਪਹਿਲਾਂ ਪ੍ਰਸਾਰਨ ਤੜਕੇ ਸਾਢ੍ਹੇ ਚਾਰ ਵਜੇ ਤੋਂ ਸਵੇਰ ਦੇ ਛੇ ਵਜੇ ਤਾਈਂ ਆਸਾ ਦੀ ਵਾਰ ਦਾ ਹੁੰਦਾ ਹੈ ਅਤੇ ਦੂਜਾ ਸ਼ਾਮ ਨੂੰ ਪੰਜ ਵਜੇ ਤੋਂ ਸਾਢ ਪੰਜ ਵਜੇ ਤਾਈਂ ਹੁੰਦਾ ਹੈ। ਪਹਿਲਾਂ ਯਾਨੀ ਆਸਾ ਦੀ ਵਾਰ ਦਾ ਅੰਸ਼ਿਕ ਰੂਪ ਵਿਚ ਪਰਸਾਰਨ ਵਿਦੇਸ਼ਾਂ ਵਿੱਚ ਵੀ ਸੁਣਿਆਂ ਜਾ ਸਕਦਾ ਹੈ ਜਦ ਕਿ ਦੂਜਾ ਕਾਰਜਕਰਮ ਸਾਰੇ ਭਾਰਤ ਵਿਚ ਵੀ ਨਹੀਂ ਸੁਣਿਆਂ ਜਾ ਸਕਦਾ। ਫ਼ਰਕ ਸਿਰਫ ਸਮੇਂ ਦਾ ਹੀ ਹੈ ਅਤੇ ਸਮਾਂ ਮੀਡੀਅਮ ਵੇਵ ਦੀਆਂ ਤਰੰਗਾਂ ਨੂੰ ਕਿਤੇ ਦਾ ਕਿਤੇ ਲਿਜਾ ਸਕਦਾ ਹੈ।

1992 ਦੇ ਅੰਤ ਤੱਕ ਸ੍ਰੀ ਦਰਬਾਰ ਸਾਹਿਬ ਦਾ ਪਹਿਲਾਂ ਪਰਸਾਰਨ ਅੰਗਰੇਜ਼ ਦੇ ਵਕਤ ਦੇ ਪੰਜਾਬ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਅਤੇ ਸੱਤਲੁਜ ਪਾਰ ਦੀਆਂ ਰਿਆਸਤਾਂ ਤੱਕ ਹੀ ਸੁਣਿਆ ਜਾ ਸਕਦਾ ਸੀ। ਕਾਰਨ ਇਹ ਸੀ ਕਿ ਉਨ੍ਹਾਂ ਦਿਨਾਂ ਵਿੱਚ ਆਕਾਸ਼ਬਾਣੀ ਜਲੰਧਰ ਦੇ ਮੀਡੀਅਮ ਵੇਵ ਟਰਾਂਸਮਿੱਟਰ ਦੀ ਸ਼ਕਤੀ ਕੇਵਲ ਪੰਜਾਹ ਕਿਲੋ ਵਾਟ ਰੇਡੀਏਟਡ ਸੀ। ਇਹ ਟਰਾਂਸਮਿੱਟਰ 1953 ਤੋਂ ਕੰਮ ਕਰ ਰਿਹਾ ਸੀ। ਟਿਊਬਾਂ ਵਾਲੇ ਇਸ ਟਰਾਂਸਮਿੱਟਰ ਦੀ ਸ਼ਕਤੀ ਘਟਕੇ ਵੀਹ ਕੂ ਕਿਲੋਵਾਟ ਰੇਡੀਏਟਡ ਰਹਿ ਗਈ ਸੀ। ਅਜਿਹਾ ਟਰਾਂਸਮਿੱਟਰ ਤੜਕੇ ਸਾਢ੍ਹੇ ਚਾਰ ਵਜੇ ਦਿੱਲੀ ਤੋਂ ਪੇਸ਼ਾਵਰ ਤੱਕ ਸੁਣਾਈ ਦੇ ਸਕਦਾ ਹੈ ਪਰ ਹੌਲੀ ਹੌਲੀ ਜਿਉਂ ਜਿਉਂ ਸੂਰਜ ਦੀਆਂ ਕਿਰਨਾਂ ਨਿਕਲਦੀਆਂ ਹਨ ਪਰਸਾਰਨ ਦਾ ਘੇਰਾ ਘਟਣਾ ਸ਼ੁਰੂ ਹੋ ਜਾਂਦਾ ਹੈ।

ਆਖ਼ਿਰ ਇਸ ਟਰਾਂਸਮਿੱਟਰ ਨੂੰ ਬਦਲਣ ਦੀ ਜ਼ਰੂਰਤ ਮਹਿਸੂਸ ਹੋਈ। ਹਜ਼ਾਰਾਂ ਲੋਕਾਂ ਦੇ ਖ਼ਤਾਂ ਤੋਂ ਪਰਭਾਵਿਤ ਹੋ ਕੇ ਸਰਕਾਰ ਨੇ ਫੈਸਲਾ ਕਰ ਲਿਆ ਕਿ ਇੱਕ ਤਾਂ ਪੁਰਾਣੇ ਟਰਾਂਸਮਿੱਟਰ ਨੂੰ ਤਬਦੀਲ ਕੀਤਾ ਜਾਵੇ ਅਤੇ ਦੂਜੇ ਨਵੇਂ ਟਰਾਂਸਮਿੱਟਰ ਦੀ ਸ਼ਕਤੀ ਪਹਿਲਾਂ ਨਾਲੋਂ ਵਧ ਹੋਵੇ। ਲਿਹਾਜ਼ਾ ਤਿੰਨ ਸੌ (300) ਕਿਲੋਵਾਟ ਸ਼ਕਤੀ ਦਾ ਟਰਾਂਸ-ਮਿੱਟਰ ਭਾਰਤ ਇਲੈਕਟਰੌਨਿਕਸ ਲਿਮਟਿਡ ਬੰਗਲੌਰ ਤੋਂ ਬਣਵਾ ਕੇ ਗੋਰਾਇਆ ਵਿਖੇ ਸਥਾਪਿਤ ਕੀਤਾ ਗਿਆ। ਪਹਿਲੇ ਮੀਡੀਅਮ ਵੇਵ ਟਰਾਸਮਿੱਟਰ ਨਾਲੋਂ ਛੇ ਗੁਣਾਂ ਸ਼ਕਤੀ ਵਾਲਾ ਇਹ ਟਰਾਂਸਮਿੱਟਰ ਦਿਨ ਦੇ ਵਕਤ ਪਹਿਲਾਂ ਨਾਲੋਂ ਚਾਰ ਗੁਣਾਂ ਇਲਾਕੇ ਵਿਚ ਅਤੇ ਰਾਤ ਦੇ ਸਮੇਂ ਤਿੰਨ ਹਜ਼ਾਰ ਮੀਲ ਦੇ ਘੇਰੇ ਵਿੱਚ ਸੁਣਾਈ ਦੇ ਸਕਣ ਦੇ ਯੋਗ ਬਣ ਗਿਆ ਹੈ।

ਜਿਸ ਵਕਤ ਭਾਰਤ ਵਿੱਚ ਤੜਕੇ ਸਾਢੇ ਚਾਰ ਵਜੇ ਹੁੰਦੇ ਹਨ ਉਸ ਵਕਤ ਆਸਾਮ, ਮਨੀਪੁਰ, ਤਰੀਪੁਰਾ, ਮੇਘਾਲਿਆ, ਅਰੁਨਾਚਲ ਪ੍ਰਦੇਸ਼, ਨਾਗਾਲੈਂਡ, ਮੀਜ਼ੋਰਾਮ, ਤੋਂ ਲੈਕੇ ਪੰਜਾਬ ਤੱਕ ਅਤੇ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਤੱਕ ਕਿਤੇ ਵੀ ਸੂਰਜ ਚੜ੍ਹਿਆ ਨਹੀਂ ਹੁੰਦਾ। ਉਸ ਵਕਤ ਇਹ ਪਰੋਗਰਾਮ ਸਰਦੀਆਂ ਵਿੱਚ ਸਾਰੇ ਹੀ ਭਾਰਤ ਵਿਚ ਸੁਣਿਆ ਜਾ ਸਕਦਾ ਹੈ। ਪਰ ਗਰਮੀਆਂ ਵਿਚ ਪੂਰਬੀ ਰਾਜਾਂ ਵਿੱਚ ਸਿਰਫ ਅੱਧਾ ਹੀ ਘੰਟਾ ਸੁਣਿਆ ਜਾ ਸਕਦਾ ਹੈ। ਬਾਕੀ ਭਾਰਤ ਵਿਚ ਇੱਕ ਘੰਟੇ ਵਾਸਤੇ, ਪਰ ਗੁਜਰਾਤ, ਰਾਜਸਥਾਨ, ਪੰਜਾਬ ਅਤੇ ਕਸ਼ਮੀਰ ਵਿੱਚ ਪੂਰਾ ਪ੍ਰੋਗਰਾਮ ਠੀਕ ਸੁਣਾਈ ਦੇ ਸਕਦਾ ਹੈ।

ਹੁਣ ਗੱਲ ਕਰੀਏ ਵਿਦੇਸ਼ਾਂ ਦੀ। ਸਰਦੀਆਂ ਵਿੱਚ ਆਸਾ ਦੀ ਵਾਰ ਦਾ ਪ੍ਰੋਗਰਾਮ ਥਾਈਲੈਂਡ ਅਤੇ ਬਰਮਾਂ ਵਿੱਚ ਸੁਣਾਈ ਦੇ ਸਕਦਾ ਹੈ। ਪਰ ਗਰਮੀਆਂ ਵਿਚ ਨਹੀਂ। ਪਰ ਪੱਛਮ ਵਿੱਚ ਦੂਰ ਦੂਰ ਤੱਕ ਇਹ ਪ੍ਰਸਾਰਨ ਸੁਣਾਈ ਦੇ ਸਕਦਾ ਹੈ।

ਭਾਰਤ ਵਿਚ ਜਦੋਂ ਤੜਕੇ ਸਾਢੇ ਚਾਰ ਵਜੇ ਹੁੰਦੇ ਹਨ ਉਸ ਵਕਤ ਪਾਕਿਸਤਾਨ ਵਿਚ ਚਾਰ ਵਜੇ, ਅਫਗਾਨਿਸਤਾਨ ਵਿਚ ਸਾਢੇ ਤਿੰਨ ਇਰਾਕ ਵਿਚ ਤਿੰਨ ਵਜੇ ਦਾ ਵਕਤ ਹੁੰਦਾ ਹੈ। ਸਾਊਦੀ ਅਰਬ ਅਤੇ ਖਾੜੀ ਦੇ ਦੇਸ਼ਾਂ ਵਿਚ ਤੜਕੇ ਦੋ ਜਾਂ ਤਿੰਨ ਵਜੇ ਹੁੰਦੇ ਹਨ। ਇਰਾਕ ਵਿਚ ਤੜਕੇ ਦੋ ਵਜੇ ਹੁੰਦੇ ਹਨ। ਉਸ ਵਕਤ ਖਾੜੀ ਦੇ ਦੇਸ਼ਾਂ, ਇਰਾਕ, ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਸਾਰੇ ਹੀ ਮੀਡੀਅਮ ਵੇਵ ਟਰਾਂਸਮਿੱਟਰ ਖ਼ਾਮੋਸ਼ ਹੁੰਦੇ ਹਨ। ਜਲੰਧਰ ਦਾ ਇਹ ਟਰਾਂਸਮਿੱਟਰ ਉਸ ਵਕਤ ਤੁਰਕੀ, ਸੀਰੀਆਂ, ਜੋਰਡਨ, ਇਜ਼-ਰਾਈਲ ਅਤੇ ਪੂਰਬੀ ਮਿਸਰ ਤੱਕ ਸੁਣਾਈ ਦੇ ਸਕਦਾ ਹੈ।

ਵਿਦੇਸ਼ਾਂ ਵਿੱਚ ਵਸਣ ਵਾਲੇ ਸ਼ਬਦ ਕੀਰਤਨ ਦੇ ਪ੍ਰੇਮੀ ਜੇ ਤੜਕੇ ਦੋ ਕੁ ਵਜੇ ਉੱਠ ਸਕਣ ਤਾਂ ਉਹ ਆਕਾਸ਼ਬਾਣੀ ਜਲੰਧਰ ਤੋਂ ਪ੍ਰਸਾਰਿਤ ਹੋ ਰਹੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਿੱਧੇ ਪ੍ਰਸਾਰਨ ਤੋਂ ਅਨੰਦ ਲੈ ਸਕਦੇ ਹਨ।

ਜੇ ਇਹ ਪ੍ਰੋਗਰਾਮ ਸ਼ੌਰਟਵੇਵ ਤੇ ਵੀ ਨਜ਼ਰ ਕੀਤਾ ਜਾ ਸਕੇ ਤਾਂ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵੀ ਇਹ ਪ੍ਰਸਾਰਨ ਸਾਫ ਸੁਣਾਈ ਦੇ ਸਕਦੇ ਹਨ।

---

# ਮਨੁੱਖੀ ਜੀਵਨ ਅਤੇ ਸੰਗੀਤ

—ਆਸ਼ਾ ਅਰਪਿਤ

ਸੰਗੀਤ ਮੁੱਢ ਕਦੀਮ ਤੋਂ ਹੀ ਚਲਿਆਂ ਆ ਰਿਹਾ ਹੈ, ਅਤੇ ਇਸ ਦਾ ਜਨਮ ਸ੍ਰਿਸ਼ਟੀ ਦੀ ਰਚਨਾ ਦੇ ਨਾਲ ਹੀ ਹੋ ਚੁੱਕਾ ਸੀ। ਹਵਾ ਅਤੇ ਅੱਗ ਦਾ ਮੇਲ ਜਿਉਂ ਹੀ ਸਥਾਪਤ ਹੋਇਆ, ਮਧੁਰ ਲਹਿਰੀਆਂ ਗੂੰਜ ਉੱਠੀਆਂ ਅਤੇ ਉਨ੍ਹਾਂ ਸੁਰ-ਲਹਿਰੀਆਂ ਨਾਲ ਸਾਰਾ ਬ੍ਰਹਿਮੰਡ ਹੀ ਗੂੰਜ ਉੱਠਆ। ਸੰਗੀਤ ਦੀ ਭਾਸ਼ਾ ਵਿਚ ਇਨ੍ਹਾਂ ਸੁਰ-ਲਹਿਰੀਆਂ ਨੂੰ ਹੀ ਨਾਦ ਕਿਹਾ ਜਾਂਦਾ ਹੈ। ਇਥੋਂ ਤਕ ਮਹਾਨ ਰਿਸ਼ੀ-ਮੁਨੀਆਂ ਨੇ ਨਾਦ ਨੂੰ ਨਾਦ-ਬ੍ਰਹਮ ਕਿਹਾ ਹੈ। ਨਾਦ ਤੋਂ ਬਿਨਾਂ ਪੱਤਾ ਤਕ ਨਹੀਂ ਹਿਲ ਸਕਦਾ। ਹਰੇਕ ਕੰਮ ਦੀ ਸਿੱਧੀ ਵਿਚ ਹਵਾ ਅਤੇ ਅੱਗ ਦੇ ਮੇਲ ਦੀ ਲੋੜ ਪੈਂਦੀ ਹੈ। ਇਸੇ ਤਰਾਂ ਸੰਗੀਤ ਵਿਚ ਨਾਦ ਦਾ ਮੇਲ ਵੀ ਮੰਨਿਆ ਗਿਆ ਹੈ। ਇਹ ਨਾਦ ਸੰਗੀਤ-ਕਲਾ ਦਾ ਮੂਲ-ਅਧਾਰ ਹੈ। ਨਾਦ ਦੀ ਮਹੱਤਤਾ ਦੱਸਦੇ ਹੋਏ ਮਤੰਗਮੁਨੀ ਕਹਿੰਦੇ ਹਨ—

'ਨਾਦ ਤੋਂ ਬਿਨਾਂ ਨਾ ਕੋਈ ਗੀਤ ਹੈ, ਅਤੇ ਨਾ ਹੀ ਕੋਈ ਨ੍ਰਿਤ ਹੈ। ਇਹ ਸਾਰਾ ਸੰਸਾਰ ਹੀ ਨਾਦ-ਭਰਪੂਰ ਹੈ।

ਸੰਗੀਤ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ, ਬਲਕਿ ਜੀਵਨ ਅਤੇ ਸਿੱਖਿਆ ਦੇ ਹਰ ਖੇਤਰ ਵਿਚ ਮਾਨਵ ਅਤੇ ਸਮਾਜ ਦੇ ਵਿਕਾਸ ਅਤੇ ਸੁਖੀ ਜੀਵਨ ਦਾ ਚਿੰਨ੍ਹ ਵੀ ਹੈ। ਸੰਗੀਤ ਦੀ ਸਾਧਨਾ ਨਾਲ ਮਨੁੱਖੀ ਜੀਵਨ ਦੇ ਪਰਮ ਲਕਸ਼ ਧਰਮ, ਅਰਥ, ਕਾਮ ਅਤੇ ਮੁਕਤੀ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਇਹ ਇਕ ਐਸਾ ਸਾਧਨ ਹੈ, ਜਿਸ ਨਾਲ ਮਨੁੱਖ ਨੂੰ ਲੌਕਿਕ ਅਤੇ ਅਲੌਕਿਕ ਸੁੱਖ ਵੀ ਮਿਲਦਾ ਹੈ।

ਸੰਗੀਤ ਵਿਚ ਉਹ ਖਿੱਚ-ਹੈ ਜਿਹੜੀ ਜੜ੍ਹ ਅਤੇ ਚੇਤਨ ਹਰ ਵਸਤੂ ਨੂੰ ਪ੍ਰਭਾਵਤ ਕਰਦੀ ਹੈ। ਸੰਗੀਤ ਵਿਚ ਉਹ ਰੰਜਕਤਾ ਹੈ, ਜਿਹੜੀ ਮਨੁੱਖ ਨੂੰ ਹਰ ਅਵਸਥਾ ਵਿਚ ਵਿਚ ਅਨੰਦ ਪ੍ਰਦਾਨ ਕਰਦੀ ਹੈ। ਸੰਗੀਤ ਵਿਚ ਉਹ ਮਧੁਰਤਾ ਹੈ ਜਿਹੜੀ ਪੱਥਰ ਦਿਲ ਨੂੰ ਨੂੰ ਵੀ ਮੋਮ ਬਣਾ ਦਿੰਦੀ ਹੈ।

ਮਹਾਂਕਵੀ ਸ਼ੇਕਸ਼ਪਿਅਰ ਦੇ ਕਹਿਣ ਅਨੁਸਾਰ—

"The man that has no music in himself nor moved with the concern of sweet song is not fit to be trusted,"

ਸੰਗੀਤ ਦੀ ਸੁੰਦਰਤਾ ਦੇ ਕਾਰਣ ਹੀ ਇਸਦਾ ਖੇਤਰ ਬਹੁਤ ਵਿਸ਼ਾਲ ਮੰਨਿਆਂ ਗਿਆ ਹੈ। ਸੰਗੀਤ ਅਤੇ ਸੁਹਜ ਮਨੁੱਖੀ-ਜੀਵਨ ਦਾ ਮਹੱਤਵ ਪੂਰਣ ਅੰਗ ਹਨ ਸੰਗੀਤ ਦੇ ਸੁਹਜ ਦੀ ਸ਼੍ਰੇਸ਼ਟਤਾ ਦੱਸਦੇ ਹੋਏ ਇਹ ਕਿਹਾ ਹੈ ਕਿ—

ਸੰਗੀਤ ਉਹ ਕਲਾ ਹੈ, ਜਿਹੜੀ ਮੰਦਰਾਂ ਵਿਚ ਭਗਵਾਨ ਦੇ ਗੁਣ ਗਾਉਂਦੀ ਹੈ, ਮਹਿਲਾਂ ਵਿਚ ਪਲਦੀ ਹੈ, ਝੌਂਪੜੀ ਵਿਚ ਖੇਲਦੀ ਹੈ, ਅਤੇ ਦਰਬਾਰਾਂ ਵਿਚ ਸਨਮਾਨਤ ਹੁੰਦੀ ਹੈ। ਬੱਚਿਆਂ ਲਈ ਖਿਡਾਉਣਾ, ਨੌਜਵਾਨਾਂ ਦੀ ਸਾਥੀ, ਬੁੱਢਿਆਂ ਲਈ ਸਹਾਰਾ, ਜੋਗੀਆਂ ਲਈ ਮੁਕਤੀ ਪ੍ਰਾਪਤ ਕਰਨ ਦੀ ਸਾਧਨਾ ਅਤੇ ਰੋਗੀਆਂ ਲਈ ਦਵਾ ਦਾ ਕੰਮ ਕਰਦੀ ਹੈ।

ਸੰਗੀਤ ਬਾਰੇ ਇਸ ਤਰ੍ਹਾਂ ਵੀ ਕਿਹਾ ਗਿਆ ਹੈ ਕਿ—

"Music is the vital foctor in haman's life. It has a soothing influence on the nervous systen. It cools the heated brain."

ਸੰਗੀਤ ਹੀ ਅਸਲ ਵਿਚ ਸੱਚੀ ਸੁੰਦਰਤਾ ਹੈ। ਸਰੀਰਕ ਸੁੰਦਰਤਾ ਤਾਂ ਜਵਾਨੀ ਨਾਲ ਆਉਂਦੀ ਹੈ ਅਤੇ ਬੁਢਾਪੇ ਦੇ ਨਾਲ ਹੀ ਢੱਲ ਜਾਂਦੀ ਹੈ। ਲੇਕਿਨ ਸੰਗੀਤ ਦੀ ਸੁੰਦਰਤਾ ਸਦਾ ਲਈ ਅਮਰ ਹੈ। ਅਤੇ ਦੂਜਿਆਂ ਨੂੰ ਵੀ ਅਮਰਤਾ ਪ੍ਰਦਾਨ ਕਰਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਮਨੁੱਖ ਸ਼ੁਰੂ ਤੋਂ ਹੀ ਸੋਹਣੀਆਂ ਚੀਜਾਂ ਵਲ ਖਿੱਚਿਆਂ ਜਾਂਦਾ ਹੈ। ਇਸ ਸੰਗੀਤ ਦੀ ਭਾਸ਼ਾ ਦੁਆਰਾ ਹਿਰਦੇ ਦੇ ਸੂਖਮ ਭਾਵ ਜਨ-ਸਾਧਾਰਣ ਤਕ ਸਹਿਜ ਰੂਪ ਵਿਚ ਹੀ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਵੀ ਕਿਹਾ ਗਿਆ ਹੈ—

"Music is the whole powerful language the language of words."

ਭਾਵ ਅਰਥ ਇਹ ਹੈ ਕਿ ਜਿਹੜੇ ਭਾਵ ਸ਼ਬਦਾਂ ਦੁਆਰਾ ਅਭਿਵਿਅਕਤ ਨਹੀਂ ਹੁੰਦੇ ਉਹ ਸੰਗੀਤ ਦੁਆਰਾ ਸਹਿਜ ਹੀ ਪ੍ਰਗਟ ਹੋ ਜਾਂਦੇ ਹਨ। ਜਿਥੇ ਕਿਤੇ ਵੀ ਸੰਗੀਤ ਹੈ, ਉਥੇ ਅਵੱਸ਼ ਹੀ ਅਨੰਦ ਹੈ।

ਹਿੰਦੀ ਦੇ ਪ੍ਰਸਿਧ ਲੇਖਕ ਅਤੇ ਕਥਾਕਾਰ ਪ੍ਰੇਮਚੰਦ ਦੇ ਸ਼ਬਦਾਂ ਵਿਚ—

"ਜਦੋਂ ਮਨ ਦੀ ਵਿਅਥਾ ਅਸਹਾਈ ਅਤੇ ਅਸੱਤ ਹੋ ਜਾਂਦੀ ਹੈ, ਜਦੋਂ ਉਸਨੂੰ ਕਿਤੇ ਵੀ ਚੈਨ ਨਹੀਂ ਮਿਲਦਾ, ਤਾਂ ਉਹ ਸੰਗੀਤ ਦੇ ਚਰਣਾਂ 'ਚ ਜਾ ਡਿੱਗਦੀ ਹੈ।" ਗਾਇਨ, ਵਾਦਨ ਅਤੇ ਨ੍ਰਿਤ ਨਾਲ ਮਿਲ ਕੇ ਬਣੀ ਸੰਗੀਤ ਦੀ ਮਹਾਨ ਕਲਾ ਵਿਚ ਇਕ ਐਸੀ ਸ਼ਕਤੀ ਹੈ, ਕਿ ਬਾਕੀ ਸਾਰੀਆਂ ਕਲਾਵਾਂ ਇਸ ਤੋਂ ਪਰ੍ਹੇ ਰਹਿ ਜਾਂਦੀਆਂ ਹਨ।

'Cangreve' ਦਾ ਕਹਿਣਾ ਹੈ ਕਿ—

"Music has charm to sooth the savage beast, to soften rocks and to band the knoted oak tree"

ਭਗਵਾਨ ਵਿਸ਼ਨੂੰ ਨੇ ਵੀ ਕਿਹਾ ਹੈ ਕਿ ਹੇ ਨਾਰਦ! ਮੈਂ ਉਥੇ ਹੀ ਨਿਵਾਸ ਕਰਦਾ ਹਾਂ ਜਿਥੇ ਮੇਰੇ ਭਗਤਜਨ ਮੇਰਾ ਸੁੰਦਰ ਸੰਗੀਤਮਈ ਗੁਣਗਾਨ ਕਰਦੇ ਹਨ। ਸੰਗੀਤ ਸਮਰਾਟ ਸੁਆਮੀ ਹਰਿਦਾਸ ਜੀ ਨੇ ਵੀ ਕਿਹਾ ਹੈ ਕਿ ਪਹਿਲਾਂ ਸੁਰ ਵਿਚ ਜਾਦੂ ਪੈਦਾ ਕੀਤਾ ਜਾਵੇ, ਫੇਰ ਹੀ ਪਸ਼ੂ-ਪੰਛੀ ਮੁਗਧ ਹੋਣਗੇ। ਸੰਗੀਤ ਸਮਰਾਟ ਤਾਨਸੇਨ ਜਿਹੜੇ ਦੀਪਕ ਅਤੇ ਮੇਘ

ਰਾਗ ਗਾ ਕੇ ਪ੍ਰਕ੍ਰਿਤੀ ਤੇ ਅਧਿਕਾਰ ਕਰਨ ਵਾਲੇ ਸਨ, ਉਨ੍ਹਾਂ ਨੇ ਵੀ (ਸਵਰ) ਸੁਰ ਦੀ ਸੁੰਦਰਤਾ ਨੂੰ ਇਸ ਤਰ੍ਹਾਂ ਵਿਅਕਤ ਕੀਤਾ ਹੈ—

"ਪ੍ਰਥਮ ਸੁਰ ਸਾਧ ਬੈਠ ਗੁਣੀਜਨ ਮੇਂ ਰਸ ਕੀ ਕਰੋ ਫੁਹਾਰ"

ਇਤਨਾਂ ਹੀ ਨਹੀਂ ਬਲਕਿ ਸੰਗੀਤ ਦੇ ਪ੍ਰਕਾਂਡ ਵਿਦਵਾਨ ਪੰ. ਓਂਕਾਰ ਨਾਥ ਠਾਕੁਰ ਵੀ ਸੰਗੀਤ ਦੀ ਸੁੰਦਰਤਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ

'ਮੈਂ ਨਾਦ ਦੀ ਮਧੁਰਤਾ ਦੁਆਰਾ ਸ਼ੇਰ ਵਰਗੇ ਹਿੰਸਕ ਜਾਨਵਰ ਦੀਆਂ ਅੱਖਾਂ ਵਿਚ ਕੁੱਤੇ ਵਰਗੀ ਮੁਹੱਬਤ ਪਲਦੀ ਦੇਖੀ ਹੈ"

ਕੋਇਲ ਕੰਠ ਲਤਾ ਮੰਗੇਸ਼ਕਰ ਦੇ ਅਨੁਸਾਰ —

ਜਿਥੇ ਸੁਰੀਲਾ ਨਾਦ ਹੁੰਦਾ ਹੈ, ਉਥੇ ਉਸਦਾ ਆਪਣਾ ਆਪਾ ਗੁਆਚ ਜਾਂਦਾ ਹੈ। ਇਸ ਤੋਂ ਨਾਦ ਦੀ ਸੁੰਦਰਤਾ ਅਤੇ ਮਧੁਰਤਾ ਪ੍ਰਮਾਣਤ ਹੋ ਜਾਂਦੀ ਹੈ।

ਭਾਰਤੀ ਅਤੇ ਪੱਛਮੀ ਵਿਗਿਆਨਕਾਂ ਅਤੇ ਵਿਚਾਰਕਾਂ ਨੇ ਸੰਗੀਤ ਦੇ ਪ੍ਰਭਾਵ ਨੂੰ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਸਿੱਧ ਕੀਤਾ ਹੈ ਲੰਡਨ ਦੇ (ਸ੍ਰੀ ਵਾਗਨ) ਨੇ ਰਸ-ਸਿਧਾਂਤ ਦਾ ਪ੍ਰਤੀਪਾਦਨ ਕਰਦੇ ਹੋਏ ਕਿਹਾ ਹੈ ਕਿ ਸ਼ਾਸਤਰੀ ਸੰਗੀਤ ਸਮਾਜਿਕ ਰੁਗਣਤਾ ਨੂੰ ਦੂਰ ਕਰਨ ਵਿਚ ਸਹਾਇਕ ਸਿੱਧ ਹੋ ਸਕਦਾ ਹੈ। ਇਹ ਮਨੁੱਖ ਨੂੰ ਪਰਮ ਅਨੰਦ ਦੀ ਅਵੱਸਥਾ ਵਿਚ ਲੈ ਜਾਂਦਾ ਹੈ, ਸਰੀਰ ਅਤੇ ਮਨ ਨੂੰ ਇਕਾਗਰ ਕਰਦਾ ਹੈ।

(ਓਸ਼ੋ ਸਵੱਰ ਚਿੰਤਨ) ਓਸ਼ੋ ਕਮਊਨ ਇੰਟਰਨੈਸ਼ਨਲ ਪੂਨ ਵਿਖੇ ਸੰਗੀਤ ਦਾ ਉਪਯੋਗ ਧਿਆਨ ਵਿਚ ਡੁੱਬਣ ਲਈ ਕੀਤਾ ਜਾਂਦਾ ਹੈ। ਅਧਿਆਤਮਕ ਸਾਧਨਾ ਕਰਦਿਆਂ ਸੰਗੀਤ ਦੀਆਂ ਸੁਰ-ਲਹਿਰੀਆਂ ਨੂੰ ਅੱਖਾਂ ਬੰਦ ਕਰਕੇ ਪੂਰਣ ਧਿਆਨ ਲਾ ਕੇ ਸੁਣਨ ਵਾਲੇ ਆਤਮ-ਸਾਧਕਾਂ ਦਾ ਸ਼ਾਂਤ ਸਮੁਦਾਇ ਸ਼ਾਇਦ ਹੀ ਮਿਲੇ। ਹੈਰਾਨਕੁੰਨ ਗਲ ਹੈ ਕਿ ਇੰਨੇ ਸਾਰੇ ਸਾਧਨਾਂ ਦੀਆਂ ਧਿਆਨ-ਤਰੰਗਾਂ ਤੋਂ ਪ੍ਰਭਾਵਿਤ ਹੋ ਕੇ ਕਲਾਕਾਰ ਵੀ ਧਿਆਨ ਮਗਨ ਹੋ ਜਾਂਦੇ ਨੇ। ਉਨ੍ਹਾਂ ਨੂੰ ਵੀ ਇਕ ਅਨੋਖੀ ਤੇ ਸ਼ਾਂਤ ਅਨੰਦਮਈ ਅਨੁਭੂਤੀ ਹੁੰਦੀ ਹੈ।

ਅਚਾਰੀਆ ਰਜਨੀਸ਼ ਦੇ ਮਤਾਨੁਸਾਰ —

ਜੀਵਨ ਦਾ ਰਹੱਸ ਅਤੇ ਉਸਨੂੰ ਖੋਲਣ ਦੀ ਕੁੰਜੀ ਸੰਜਮ ਹੈ, ਸਮਤਾ, ਸੰਤੁਲਨ ਅਤੇ ਸੰਜਮ ਤੋਂ ਸੰਗੀਤ ਉਪਜਦਾ ਹੈ। ਜੀਵਨ ਵਿਚ ਸੰਗੀਤ ਹੁਣ ਤੇ ਹੀ ਸੱਤ ਦੀ ਅਨੁਭੂਤੀ ਹੁੰਦੀ ਹੈ।

ਸੰਗੀਤ ਹਰ ਦਰਦ ਦੀ ਦਵਾ ਹੈ। ਹਿਰਦੇ ਰੋਗ, ਕੈਂਸਰ ਰੋਗ, ਪ੍ਰਸੂਤੀ ਪੀੜ ਆਦਿ ਰੋਗਾਂ ਤੇ ਜੇ ਕਾਬੂ ਨਾ ਪਾਇਆ ਜਾ ਸਕੇ ਤਾਂ ਆਧੁਨਿਕ ਸੰਗੀਤਕਾਰਾਂ ਨੇ ਸੰਗੀਤ ਕਲਾਕਾਰਾਂ ਨਾਲ ਮਿਲ ਕੇ ਇਸ ਤਰ੍ਹਾਂ ਦੇ ਰੋਗਾ ਲਈ ਵਿਸ਼ੇਸ਼ ਪ੍ਰਕਾਰ ਦਾ ਸੰਗੀਤ ਨਿਰਧਾਰਤ ਕੀਤਾ ਹੈ, ਜਿਹੜਾ ਰੋਗੀ ਨੂੰ ਸੁਣਵਾਇਆਂ ਜਾਂਦਾ ਹੈ। ਜਰਮਨੀ ਵਿਚ ਕੈਂਸਰ ਦੇ ਇਲਾਜ ਲਈ ਖਾਸ ਤਰ੍ਹਾਂ ਦੀ ਸੰਗੀਤ ਚਕਿੱਤਸਾ (Music Therapy) ਪ੍ਰਯੋਗ ਵਿਚ ਲਿਆਈ ਜਾ ਰਹੀ ਹੈ। ਇਕ ਖ਼ਾਸ ਤਰ੍ਹਾਂ ਦਾ ਸੰਗੀਤ ਸੁਣ ਕੇ ਗਊਆਂ ਜ਼ਿਆਦਾ ਦੁੱਧ ਦੇਣ ਲੱਗੀਆਂ ਹਨ। ਮਾਸਕੋ ਵਿਚ ਤਣਾਉ ਮੁਕਤੀ ਲਈ ਵੀ ਸੰਗੀਤ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ।

ਇਸੇ ਲਈ ਕਿਹਾ ਗਿਆ ਹੈ ਕਿ ਜੇਕਰ ਮਨੁੱਖੀ ਜੀਵਨ ਕੋਈ ਵਸਤੂ ਹੈ ਜਿਹੜੀ ਮਨੁੱਖ ਨੂੰ ਇਕ ਖਿਣ ਲਈ ਵਿਨਾਸ਼ ਦੇ ਚੰਗੁਲ ਤੋਂ ਛੁੜਾ ਕੇ ਅਮਰਤਾ ਪ੍ਰਦਾਨ ਕਰਦੀ ਹੈ। ਜਿਹੜੀ ਉਸਨੂੰ ਚਿੰਤਾ ਭਰੇ ਜਗ ਤੋਂ ਲਿਜਾ ਕੇ ਇਕ ਐਸੇ ਲੋਕ ਵਿਚ ਲੈ ਜਾਂਦੀ ਹੈ – ਜਿਥੇ ਨਾ ਕੋਈ ਈਰਖਾ, ਦਵੈਤ ਅਤੇ ਨਾ ਹੀ ਕੋਈ ਸੰਘਰਸ਼ ਹੈ — ਤਾਂ ਉਹ ਕੇਵਲ ਸੰਗੀਤ ਹੈ।

# 'ਪਰ ਨਿੰਦਾ ਪਰ ਮਲੁ ਮੁਖ ਸੁਧੀ'

ਬਬਲੀ ਐਸ. ਸਿੰਘ

ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਨਿੰਦਾ ਦੀ ਬੜੀ ਸਖਤ ਨਿਖੇਧੀ ਕੀਤੀ ਗਈ ਹੈ। ਬਹੁਤ ਸਾਰੇ ਸ਼ਬਦਾਂ ਵਿਚ ਨਿੰਦਾ ਨੂੰ ਅਤਿ ਘਿਨੌਣਾ ਪਾਪ ਕਿਹਾ ਗਿਆ ਹੈ। ਮਨੁਖ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਫਸਿਆ ਹੈ ਤੇ ਆਪਣੀ ਬੜੀ ਹੀ ਕੀਮਤੀ ਜ਼ਿੰਦਗੀ ਨੂੰ ਅਜਾਈਂ ਗਵਾ ਰਿਹਾ ਹੈ। ਆਮ ਮਨੁਖ ਹਮੇਸ਼ਾਂ ਈਰਖਾ ਦੀ ਅਗਨੀ ਵਿਚ ਸੜ ਰਿਹਾ ਹੈ। ਹੰਕਾਰ ਵਿਚ ਸੜ ਰਿਹਾ ਹੈ, ਤੇ ਇਹੀ ਹੰਕਾਰ ਤੇ ਈਰਖਾ ਮਨੁਖ ਨੂੰ ਪਰਾਈ ਨਿੰਦਾ ਕਰਨ ਲਈ ਉਕਸਾਂਦੇ ਹਨ।

ਇਨਸਾਨ ਆਪਣੇ ਸੁਭਾਅ ਤੋਂ ਮਜਬੂਰ ਹੈ। ਕਿਸੇ ਦੀ ਅੱਛੀ ਇਜ਼ਤ ਬਣੀ ਦੇਖ ਕੇ ਨਹੀਂ ਜਰ ਸਕਦਾ। ਕਿਸੇ ਨੂੰ ਸੁਖੀ ਦੇਖਕੇ, ਸਫਲ ਦੇਖ ਕੇ ਬਰਦਾਸ਼ਤ ਨਹੀਂ ਕਰ ਸਕਦਾ। ਮਨ ਵਿਚ ਈਰਖਾ ਜਾਗਦੀ ਹੈ ਫਿਰ ਸ਼ੈਤਾਨ ਜਾਗਦਾ ਹੈ ਤੇ ਸ਼ੈਤਾਨ ਆਪਣਾ ਕੰਮ ਸ਼ੁਰੂ ਕਰ ਦਿੰਦਾ ਹੈ। ਉਸ ਵੇਲੇ ਸ਼ੈਤਾਨ ਮਨ ਦਾ ਇਕੋ ਮਕਸਦ ਹੁੰਦਾ ਹੈ, ਸੁਖੀ, ਇਜ਼ਤਦਾਰ ਨੂੰ ਦੁਨੀਆਂ ਦੀਆਂ ਨਜਰਾਂ ਵਿਚ ਗਿਰਾ ਦੇਣਾ ਕਿਸੇ ਤਰਾਂ ਬਸ। ਫਿਰ ਹੰਕਾਰ ਤੇ ਈਰਖਾ ਸ਼ੈਤਾਨ ਦਾ ਸਾਥ ਦਿੰਦੇ ਹਨ ਤੇ ਉਸ ਇਨਸਾਨ ਦੀ ਬਦਨਾਮੀ ਕਰਨ ਲਈ ਝੂਠੀ ਨਿੰਦਾ ਸ਼ੁਰੂ ਕਰਦੇ ਹਨ। ਨਿੰਦਕ ਹੰਕਾਰੀ ਤੇ ਈਰਖਾਲੂ ਜ਼ਰੂਰ ਹੋਏਗਾ ਤੇ ਨਿੰਦਕ ਕੋਲ ਬੈਠਿਆਂ ਹੰਕਾਰ ਦੀ ਬਦਬੂ ਜਰੂਰ ਆਏਗੀ।

ਗੁਰੂ ਮਹਾਰਾਜ ਨੇ ਗੁਰਬਾਣੀ ਵਿਚ ਬੜੇ ਹੀ ਗਿਆਨਾਤਮਕ ਢੰਗ ਨਾਲ ਸਾਨੂੰ ਸਮਝਾਇਆ ਹੈ ਕਿ :—

"ਨਿੰਦਾ ਭਲੀ ਕਿਸੈ ਕੀ ਨਾਹੀ,
ਮਨਮੁਖ ਮੁਗਧ ਕਰੰਨਿ,
ਮੂੰਹ ਕਾਲੇ ਤਿਨ ਨਿੰਦਕਾਂ
ਨਰਕੇ ਘੋਰ ਪਵੰਨਿ॥

ਭਾਵ ਨਿੰਦਾ ਕਰਨ ਵਾਲੇ ਦਾ ਮੂੰਹ ਸਦਾ ਹੀ ਕਾਲਾ ਹੁੰਦਾ ਹੈ ਤੇ ਉਹ ਹਮੇਸ਼ਾਂ ਨਰਕ ਭੋਗਦੇ ਹਨ। ਹੰਕਾਰੀ ਪੁਰਸ਼ ਦੂਜੇ ਦੀ ਨਿੰਦਾ ਕਰਦਾ ਫੁਲਿਆ ਨਹੀਂ ਸਮਾਂਦਾ ਕਿ ਵੇਖੋ ਮੈਂ ਦੂਜੇ ਨੂੰ ਬਦਨਾਮ ਕਰਨ ਵਿਚ ਸਫਲ ਹੋ ਗਿਆ ਪਰ ਸ਼ਾਇਦ ਉਸ ਨੂੰ ਇਹ ਅਹਿਸਾਸ ਨਹੀਂ ਕਿ ਉਹ ਦੂਜੇ ਦੀਆਂ ਨਜ਼ਰਾਂ ਵਿਚ ਖੁਦ ਗਿਰ ਰਿਹਾ ਹੈ। ਪ੍ਰਮਾਤਮਾ ਦੀਆਂ ਨਜ਼ਰਾਂ ਵਿਚ ਗਿਰ ਰਿਹਾ ਹੈ ਤੇ ਅਸਲ ਵਿਚ ਆਪਣੀ ਆਤਮਾ ਸਾਹਮਣੇ ਵੀ ਗਿਰ ਰਿਹਾ ਹੈ। ਪਰ ਫਿਰ ਵੀ ਉਹ ਆਪਣੇ ਹੰਕਾਰ ਦੀ ਸੰਤੁਸ਼ਟੀ ਲਈ ਨਿੰਦਾ ਕਰੀ ਜਾਂਦਾ ਹੈ।

ਦਰਅਸਲ ਪਰਾਈ ਨਿੰਦਾ ਹੰਕਾਰ ਦੀ ਖੁਰਾਕ ਹੈ। ਜਿਵੇਂ ਮਨੁਖ ਨੂੰ ਤੰਦਰੁਸਤ ਰਹਿਣ ਲਈ ਚੰਗੀ ਖੁਰਾਕ ਦੀ ਲੋੜ ਹੈ ਉਵੇਂ ਹੀ ਹੰਕਾਰ ਨੂੰ ਜ਼ਿੰਦਾ ਰਹਿਣ ਲਈ ਨਿੰਦਾ ਰੂਪੀ ਖੁਰਾਕ ਦੀ ਲੋੜ ਹੈ।

'ਮੁਖ ਨਿੰਦਾ ਆਖਾ ਦਿਨ ਰਾਤਿ,
ਪਰ ਘਰ ਜੋਹੀ ਨੀਚ ਸਨਾਤਿ,
ਕਾਮ ਕਰੋਧ ਤਨਿ ਵਸਹਿ ਚੰਡਾਲ
ਧਾਣਕ ਰੂਪਿ ਰਹਾ ਕਰਤਾਰ ॥

ਬਹੁਤ ਵਾਰ ਇੰਞ ਹੁੰਦਾ ਹੈ ਕਿ ਇਨਸਾਨ ਆਪਣੀਆਂ ਗਲਤੀਆਂ ਤੇ ਪਰਦਾ ਪਾਣ ਲਈ ਦੂਜੇ ਦੀ ਨਿੰਦਾ ਕਰਦਾ ਹੈ ਪਰ ਇਸ ਤਰ੍ਹਾਂ ਉਹ ਹੋਰ ਵੀ ਗਿਰਾਵਟ ਵਲ ਜਾਂਦਾ ਹੈ। ਦਾਤੇ ਨੇ ਸਾਨੂੰ ਪਵਿੱਤਰ ਰਸਨਾ ਦਿਤੀ ਹੈ ਜਿਸ ਨਾਲ ਅਸੀਂ ਕਰਤੇ ਦੀ ਉਸਤਤ ਗਾਈਏ ਹਰ ਕਿਸੇ ਲਈ ਭਲੇ, ਪਵਿਤਰ ਤੇ ਪਿਆਰ ਭਰੇ ਬੋਲ ਬੋਲੀਏ। ਪਰ ਵੇਖੋ ਸਾਡੀ ਮੂਰਖਤਾ ਅਸੀਂ ਮਾੜਾ ਬੋਲ ਕੇ ਨਿੰਦਾ ਚੁਗਲੀ ਕਰਕੇ ਦੂਜੇ ਦੀ ਮੈਲ ਧੋਂਦੇ ਹਾਂ ਆਪਣੀ ਜ਼ਬਾਨ, ਆਪਣੇ ਕਰਮ, ਆਪਣਾ ਮਨ ਮੈਲਾ ਕਰਦੇ ਹਾਂ।

"ਪਰ ਨਿੰਦਾ ਕਰੇ ਅੰਤਰਿ ਮਲ ਲਾਏ
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥"

ਅਸੀਂ ਬਾਣੀ ਰੋਜ਼ ਪੜਦੇ ਹਾਂ, ਸੁਣਦੇ ਹਾਂ ਪਰ ਕੁਝ ਸਮਝਦੇ ਨਹੀਂ। ਬਾਣੀ ਵਿਚ ਗੁਰੂ ਜੀ ਫੁਰਮਾਂਦੇ ਹਨ :

"ਪਰ ਨਿੰਦਾ ਬਹੁ ਕੂੜੁ ਕਮਾਵੈ
ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥"

ਇਕ ਹੋਰ ਸ਼ਬਦ ਵਿਚ ਗੁਰੂ ਮਹਾਰਾਜ ਫੁਰਮਾਂਦੇ ਹਨ :

"ਮਨ ਰੇ ਕਉਨੁ ਕੁਮਤਿ ਤੈ ਲੀਨੀ,
ਪਰ ਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤ ਨਹਿ ਕੀਨੀ ॥"

ਜ਼ਿੰਦਗੀ ਦਾ ਜਿਹੜਾ ਕੀਮਤੀ ਸਮਾਂ ਅਸੀਂ ਕਿਸੇ ਅਛੇ ਕੰਮ ਲਈ ਬਿਤਾ ਸਕਦੇ ਸਾਂ ਉਹ ਸਮਾਂ ਅਸੀਂ ਦੂਜੇ ਦੀ ਨਿੰਦਾ ਕਰਕੇ ਆਪਣੇ ਲਈ ਇਕ ਪਾਪਾਂ ਦਾ ਬੋਝ ਇਕਠਾ ਕਰ ਰਹੇ ਹਾਂ ਜਿਸਨੂੰ ਫਿਰ ਅਸੀਂ ਕਈ ਜਨਮਾਂ ਤਕ ਢੋਂਦੇ ਰਹਾਂਗੇ।

"ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ,
ਬਿਨੁ ਮਜੂਰੀ ਭਾਰੁ ਪਹੁਚਾਵਣਿਆ

ਜਿਸਦੀ ਨਿੰਦਾ ਕਰਦੇ ਹਾਂ ਉਸਦਾ ਕੁਝ ਨਹੀਂ ਵਿਗੜਦਾ ਅਸੀਂ ਆਪਣਾ ਮੁਖ ਮੈਲਾ ਕਰਦੇ ਹਾਂ, ਮਨ ਮੈਲਾ ਕੀਤਾ, ਜੀਵਨ ਤੇ ਕਰਮ ਮੈਲੇ ਕੀਤੇ ਫਿਰ ਉਹਨਾਂ ਕਰਮਾਂ ਨੂੰ ਭੋਗਦੇ ਹਾਂ ਕੀਤਾ ਪਾਂਦੇ ਹਾਂ ਕਿਉਂਕਿ :

ਅੜ੍ਹਾਵੇ ਬਿਲਲਾਵੇ ਨਿੰਦਕ,
ਪਾਰਬ੍ਰਹਮ ਪਰਮੇਸਰੁ ਬਿਸਰਿਆ,
ਆਪਣਾ ਕੀਤਾ ਪਾਵੈ ਨਿੰਦਕ ।।
ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ
ਅਗਨੀ ਮਾਹਿ ਜਲਾਵੈ ।,

ਜਦੋਂ ਸਭ ਨੂੰ ਪਤਾ ਹੈ ਕਿ ਨਿੰਦਾ ਕਰਕੇ ਦੁਖ ਹੀ ਇਕਠੇ ਕਰਨੇ ਹਨ ਫਿਰ ਕਿਉਂ ਈਰਖਾ ਚੇ ਮਾਰੇ ਅਸੀਂ ਪਾਪ ਕਮਾਈ ਜਾਂਦੇ ਹਾਂ । ਤੇ ਫਿਰ ਨਿੰਦਾ ਦਾ ਤਾਂ ਦਾਰੂ ਵੀ ਕੋਈ ਨਹੀਂ ।

"ਨਿੰਦਾ ਕਰਦਾ ਪਚਿ ਮੂਆ
ਵਿਚ ਦੇਹੀ ਭਖੈ ।।

ਸਚੈ ਸਾਹਿਬ ਮਾਰਿਆ ਕਉਣ ਤਿਸ ਨੋ ਰਖੈ ।।

ਤੇ ਫਿਰ ਸਤਿਗੁਰੂ ਜੀ ਫੁਰਮਾਂਦੇ ਹਨ :

"ਅਵਖਧ ਸਭੇ ਕੀਤੀਅਨੁ
ਨਿੰਦਕ ਕਾ ਦਾਰੂ ਨਾਹਿ ।।"

ਮਨ ਬੜਾ ਹੀ ਸ਼ੈਤਾਨ ਦਾ ਰੂਪ ਧਾਰਦਾ ਹੈ ਕਈ ਵਾਰ । ਈਰਖਾ ਸਾਨੂੰ ਅੰਦਰੋਂ ਅੰਦਰ ਸਾੜਦੀ ਹੈ । ਕਿਸੇ ਦੀ ਵਡਿਆਈ, ਇੱਜ਼ਤ, ਮਾਣ ਅਸੀਂ ਵੇਖ ਨਹੀਂ ਸਕਦੇ ਤੇ ਕੋਸ਼ਿਸ਼ਾਂ ਵਿਚ ਜੁਟ ਜਾਂਦੇ ਹਾਂ ਕਿ ਇਸ ਨੂੰ ਬੇਇਜ਼ਤ ਕਰੀਏ । ਪਰ ਵੇਖੋ ਹੁਕਮ ਕੀ ਹੈ ?

"ਪਰਾਈ ਬਖੀਲੀ ਕਰਹਿ ਆਪਣੀ ਪਰਤੀਤ ਖੋਵਨਿ ।।"

ਤੇ ਫਿਰ ਫੁਰਮਾਨ ਹੈ :

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨਾ ਪਰਾਇਆ ਭਲਾ ਨ ਸੁਖਾਈ ।।

ਕਿਆ ਹੋਵੈ ਕਿਸ ਹੀ ਕੀ ਝਖ ਮਾਰੀ,
ਜਾ ਸਚੇ ਸਿਉ ਬਣਿ ਆਈ ।।

ਜਦੋਂ ਸਭ ਜੀਅ ਜੰਤ ਉਸੇ ਦਾਤੇ ਦੇ ਬਣਾਏ ਹੋਏ ਹਨ ਸਭ ਦਾ ਮਾਲਕ ਉਹੀ ਆਪ ਹੈ ਤੇ ਸਭਨਾਂ ਅੰਦਰ ਉਹੀ ਆਪ ਨਿਰੰਕਾਰਿ ਦੀ ਜੋਤ ਵਸ ਰਹੀ ਹੈ ਫਿਰ ਮੰਦਾ ਕਿਸ ਨੂੰ ਆਖਦੇ ਹਾਂ ? ਨਿੰਦਾ ਕਿਸਦੀ ਕਰਦੇ ਹਾਂ ? ਕੀ ਜਦੋਂ ਅਸੀਂ ਕਿਸੇ ਦੀ ਨਿੰਦਾ ਕੀਤੀ ਤਾਂ ਇਹ ਉਸੇ ਦਾਤੇ ਦੀ ਨਿੰਦਾ ਜਾਂ ਬੇਅਦਬੀ ਨਹੀਂ ਜੋ ਸਭਨਾਂ ਵਿਚ ਆਪ ਵਸ ਰਿਹਾ ਹੈ । ਕੀ ਇਨ੍ਹਾਂ ਤੁਕਾਂ ਨੂੰ ਪੜ੍ਹਨ ਤੋਂ ਬਾਅਦ ਕੋਈ ਸ਼ਕ ਦੀ ਗੁੰਜਾਇਸ਼ ਰਹਿ ਜਾਂਦੀ ਹੈ ਕਿ :

ਵਵਾ ਵੈਰੁ ਨ ਕਰੀਐ ਕਾਹੂ ॥
ਘਟ ਘਟ ਅੰਤਰਿ ਬ੍ਰਹਮ ਸਮਾਹੂ ॥
ਵਾਸੁਦੇਵ ਜਲ ਥਲ ਮੈਂ ਰਵਿਆ ॥
ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥

ਸਾਫ ਸਪਸ਼ਟ ਹੈ ਕਿ ਉਹ ਸਿਰਜਣਹਾਰ ਹਰ ਇਕ ਦੇ ਅੰਦਰ ਵਸ ਰਿਹਾ ਹੈ ਪਰ ਹੰਕਾਰ ਰੂਪੀ ਚੰਡਾਲ ਦੇ ਵਸ ਪਿਆ ਇਨਸਾਨ ਪਵਿੱਤਰ ਬਾਣੀ ਵਿਚ ਦਿਤੀਆਂ ਸਚਾਈਆਂ ਨੂੰ ਸੁਣ ਕੇ ਅਣਸੁਣਿਆ ਕਰ ਦਿੰਦਾ ਹੈ। ਨਿੰਦਾ ਚੁਗਲੀ ਕਰਦਿਆਂ ਸਾਡੀ ਆਤਮਾ ਸਾਨੂੰ ਰੋਕਦੀ ਜਰੂਰ ਹੈ ਪਰ ਫਿਰ ਅਸੀਂ ਆਤਮਾ ਦੀ ਆਵਾਜ ਦਬਾ ਦਿੰਦੇ ਹਾਂ। ਆਖਰ ਕਿਸੇ ਬਾਰੇ ਨਿੰਦਾ ਕਰਨ ਦਾ ਕੋਈ ਮੁਲ ਥੋੜਾ ਹੀ ਲਗਦਾ ਹੈ। ਬੈਠ ਬੈਠੇ ਕਿਸੇ ਵੀ ਸ਼ਰੀਫ ਇਨਸਾਨ ਬਾਰੇ ਮਾੜੇ ਵਿਚਾਰ ਜੋੜ ਕੇ ਕਹਾਣੀ ਬਣਾ ਲਓ ਫਿਰ ਨਿੰਦਾ ਰਾਹੀਂ ਇਸ ਕਹਾਣੀ ਦਾ ਪ੍ਰਚਾਰ ਸ਼ੁਰੂ ਕਰ ਦਿਓ ਬਸ। ਪਰ ਨਿੰਦਕ ਇਹ ਭੁਲ ਜਾਂਦਾ ਹੈ ਕਿ ਇਕ ਇਕ ਘੜੀ ਦਾ ਲੇਖਾ ਦੇਣਾ ਪਏਗਾ। ਮਥਾ ਨਿੰਦਕ ਦਾ ਹੀ ਕਾਲਾ ਹੋਏਗਾ। ਪਰ

ਇਹ ਸਰੀਰੁ ਕੂੜਿ ਕੁਸਤਿ ਭਰਿਆ.
ਗਲ ਤਾਈ ਪਾਪ ਕਮਾਏ ॥

ਤੇ ਦਾਤਾ ਤਾਂ ਆਪਣੇ ਬਚਿਆਂ ਦਾਂ ਆਪ ਰਾਖਾ ਹੁੰਦਾ ਹੈ।

"ਪ੍ਰਭ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ
ਨਿੰਦਕ ਕਾ ਮਾਥਾ ਈਹਾਂ ਊਹਾਂ ਕਾਲਾ ॥"

ਫਿਰ ਜਦੋਂ ਨਿੰਦਕ ਨੂੰ ਪਾਪਾਂ ਦੇ ਲੇਖੇ ਦੇਣੇ ਪੈਂਦੇ ਹਨ ਤਾਂ ਤੜਫਦਾ ਹੈ ਕੁਰਲਾਂਦਾ ਹੈ:

"ਅਰੜਾਵੈ ਬਿਲਲਾਵੈ ਨਿੰਦਕ"

ਪਰ ਕੋਈ ਨਹੀਂ ਸੁਣਦਾ ਉਸਦੀ ਪੁਕਾਰ ਕਿਉਂਕਿ:

ਦਿਨ ਰਾਤਿ ਕਮਾਇਅੜੋ ਸੋ ਆਇਓ ਮਾਥੈ ॥

# ਹਿੰਦੁਸਤਾਨੀ ਸੰਗੀਤ ਕਲਾ

**–ਪਿਆਰਾ ਸਿੰਘ ਪਦਮ**

ਸੰਗੀਤ ਸਰਬ-ਵਿਆਪੀ ਕਲਾ ਹੈ। ਜਿਸ ਮਹਾਂ ਪੁਰਸ਼ ਨੇ 'ਘਟ ਘਟ ਵਾਜਹਿ ਨਾਦ' ਕਿਹਾ ਸੀ, ਉਸ ਨੂੰ ਸਾਰੇ ਬ੍ਰਹਿਮੰਡ ਦਾ ਸੰਗੀਤ ਸੁਣਾਈ ਦੇ ਰਿਹਾ ਸੀ। ਉਸ ਨੇ ਖੋਲ੍ਹ ਕੇ ਵੀ ਦਸਿਆ ਕਿ ਦੇਖੋ ਪੌਣ ਪਾਣੀ, ਬਰ੍ਹਮਾ, ਇੰਦਰ, ਰਿਸ਼ੀ, ਪੰਡਤ, ਜੋਧੇ, ਮੋਹਨੀਆਂ ਗੱਲ ਕੀ ਸਾਰਾ ਸੰਸਾਰ ਹੀ ਗਾ ਰਿਹਾ ਹੈ। ਇਸ ਤੋਂ ਇਲਾਵਾ ਹੋਰ ਵੀ ਕਰੋੜਾਂ ਗਵਈਏ ਮੌਜੂਦ ਹਨ ਜਿਨ੍ਹਾਂ ਦੀ ਅਸੀਂ ਗਿਣਤੀ ਕਰ ਨਹੀਂ ਸਕਦੇ।

'ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ..........

ਹੋਰ ਕੇਤੇ ਗਾਵਨਿ ਸੇ ਮੈ ਚਿਤ ਨ ਆਵਨਿ ਨਾਨਕ ਕਿਆ ਵੀਚਾਰੇ।'

ਸੰਗੀਤ ਗੁਣਗੁਣਾਉਂਦੀ ਸੁੰਦਰਤਾ ਨੂੰ ਕਹਿੰਦੇ ਹਨ। ਕਵੀ ਮੈਰੇਡਿਥ ਨੇ ਇਕ ਸੁੰਦਰੀ ਨੂੰ ਕਿਹਾ ਸੀ ਕਿ ਰੱਬ ਦੀ ਸਭ ਤੋਂ ਵਧੀਆ ਬਰਕਤ ਤੂੰ ਹੀ ਹੈ ਅਗੋਂ ਸੁੰਦਰੀ ਨੇ ਕਿਹਾ ਕਵੀ! ਤੂੰ ਭੁਲਦਾ ਹੈ ਮੈਥੋਂ ਵੀ ਵਧੀਕ ਸੁੰਦਰ ਇਕ ਹੋਰ ਸ਼ੈ ਹੈ ਉਹ ਹੈ, ਸੰਗੀਤ।, ਇਹ ਸਚਮੁਚ ਹੀ ਰੱਬ ਦੀਆਂ ਵਡੀਆਂ ਮੇਹਰਬਾਨੀਆਂ ਵਿਚੋਂ ਹੈ। ਸਰਸੁਤੀ ਦਾ ਪੁਤਰ ਹੋਣ ਕਰਕੇ ਕਈ ਲੋਕ ਇਸ ਨੂੰ ਸਾਹਿਤ ਦਾ ਭਾਈ ਹੀ ਕਹਿੰਦੇ ਹਨ ਪਰ ਇਸ ਦੀ ਸ਼ਾਨ ਸਾਹਿਤ ਨਾਲੋਂ ਵੀ ਉਚੀ ਹੈ। ਸਾਹਿਤ ਕੇਵਲ ਸੂਝਵਾਨ ਮਨੁਖਾਂ ਦੇ ਮਨ ਤੇ ਹੀ ਅਸਰ ਕਰ ਸਕਦਾ ਹੈ ਪਰੰਤੂ ਸੰਗੀਤ ਪੜ੍ਹੇ ਅਨਪੜ੍ਹੇ ਮਨੁਖਾਂ ਤੋਂ ਇਲਾਵਾ ਪਸ਼ੂ ਪੰਛੀਆਂ ਤੇ ਵੀ ਆਪਣਾ ਜਾਦੂ ਚਲਾ ਦਿੰਦਾ ਹੈ। ਚਾਲਾਕ ਮਿਰਗ ਘੰਡੇਹੇੜੇ ਦੀ ਆਵਾਜ਼ ਤੇ ਜਾਨ ਕੁਰਬਾਨ ਕਰਨ ਲਗੀ ਆਸ਼ਕ ਵਾਂਗ ਤਿਆਰ ਹੋ ਕੇ ਖਲੋ ਜਾਂਦਾ ਹੈ। ਜ਼ਹਿਰੀ ਨਾਗ ਬੀਨ ਦੀ ਧੁਨੀ ਦਾ ਮੋਹਿਆ ਆਪਣੇ ਡੰਗ ਫੁੰਕਾਰੇ ਸਭ ਭੁਲ ਬਹਿੰਦਾ ਹੈ। ਹੁਣ ਤਕ ਲੋਕ ਕਹਾਣੀਆਂ ਪਾਉਂਦੇ ਹਨ ਕਿ ਕ੍ਰਿਸ਼ਨ ਜੀ ਦੀ ਬੰਸਰੀ ਤੇ ਰਾਂਝੇ ਦੀ ਵੰਝਲੀ ਸੁਣਨ ਲਈ ਗਊਆਂ ਮੱਝਾਂ ਵੀ ਹਰਾ ਘਾਹ ਛੱਡ ਕੇ ਕੰਨ ਚੁਕ ਕੇ ਖਲੋ ਜਾਂਦੀਆਂ ਸਨ। ਆਖਰ ਸੰਗੀਤ ਵਿਚ ਕੋਈ ਤਾਕਤ ਹੈਸੀ ਨਾ ਜਿਸ ਦੀ ਸਮਰੱਥਾ ਨਾਲ ਦੁਖੀ ਆਪਣਾ ਦੁਖ ਭੁਲ ਜਾਂਦੇ ਤੇ ਖੁਸ਼ਹਾਲ ਮਸਤੀ ਵਿਚ ਝੂਮ ਉਠਦੇ ਹਨ। ਸਾਡੀ ਦੁਨੀਆਂ ਵਿਚ ਇਸ ਦੀ ਮੁਢ ਤੋਂ ਹਰ ਪਾਸੇ ਵਰਤੋਂ ਹੁੰਦੀ ਆ ਰਹੀ ਹੈ। ਕਿਸਾਨ ਆਪਣੇ ਗਰੀਬੀ ਦੇ ਸੰਕਟਾਂ ਨੂੰ ਭੁਲਾਉਣ ਲਈ ਸਦੀਆਂ ਤੋਂ ਤਾਰਿਆਂ ਦੀ ਛਾਵੇਂ ਗਾਉਂਦਾ ਚਲਿਆ ਆ ਰਿਹਾ ਹੈ। ਨਹੀਂ ਦਸੋ ਕੌਣ ਆਦਮੀ ਹੈ ਜੋ ਬਾਰਾਂ ਮਹੀਨੇ ਤੀਹ ਦਿਨ, ੨੪ ਘੰਟੇ ਮਿਟੀ ਨਾਲ ਮਿਟੀ ਹੁੰਦੇ ਰਹੇ। ਉਸ ਨੇ ਆਪਣੇ ਹਿਰਨੋਟੇ ਬੈਲਾਂ ਦੇ ਗਲ ਵੀ ਟੱਲੀਆਂ ਬੰਨ੍ਹ ਛੱਡੀਆਂ ਹਨ ਤਾਂਕਿ ਇਹ ਇਸ ਸੰਗੀਤ ਦੀ ਛਣਕਾਰ ਵਿਚ ਥਕਾਵਟ ਮਹਿਸੂਸ ਨਾ ਕਰਦੇ ਹੋਏ ਮੇਰੇ ਨਾਲ ਨਾਲ ਹੀ ਟੁਰਦੇ ਜਾਣ। ਇਸ ਤਰ੍ਹਾਂ ਅਗਰ ਅਸੀਂ

ਕਿਸੇ ਰੇਗਸਤਾਨ ਪਾਂਧੀ ਨੂੰ ਪੁਛੀਏ ਕਿ ਤੂੰ ਊਠ ਦੇ ਗਲ ਟੱਲੀ ਕਿਉਂ ਬੰਨ੍ਹ ਛੱਡੀ ਹੈ ? ਤਾਂ ਤਾਂ ਉਹ ਇਹੋ ਉਤਰ ਦੇਵੇਗਾ ਕਿ ਇਹ ਟੱਲੀਆਂ ਯਾ ਝਾਂਜਰਾਂ ਮੇਰੀ ਅਸਵਾਰੀ ਦੀਆਂ ਬਿਖੜੇ ਪੈਂਡੇ ਦੀਆਂ ਮੁਸ਼ਕਲਾਂ ਨੂੰ ਮੁਸ਼ਕਲ ਨਹੀਂ ਰਹਿਣ ਦੇਂਦੀਆਂ, ਇਹ ਭੁੱਖਿਆਂ ਦੀ ਖੁਰਾਕ ਹਨ ਤੇ ਰੱਜਿਆਂ ਦਾ ਸ਼ੁਗਲ। ਅਜ ਵੀ ਸਾਡੇ ਪਿੰਡਾਂ ਦਾ ਕੋਈ ਵੀ ਤਿਉਹਾਰ ਯਾ ਮੇਲਾ ਸੰਗੀਤ ਬਿਨਾਂ ਆਪਣੇ ਪੂਰੇ ਜੋਬਨ ਵਿਚ ਨਹੀਂ ਆਉਂਦਾ, ਸ਼ਹਿਰਾਂ ਤੋਂ ਦੂਰ ਦੀਆਂ ਮਾਮੂਲੀ ਵਸਤੀਆਂ ਵਿਚ ਤੁਹਾਨੂੰ ਅਲਗੋਜੇ, ਵੰਝਲੀ ਬੀਨ ਯਾ ਢੱਡ ਸਾਰੰਗੀ ਦੀ ਆਵਾਜ਼ ਸੁਣਾਈ ਦੇਵੇਗੀ। ਲੋਕ ਗਾਉਂਦੇ ਹਨ 'ਕੀ ਰਾਜਾ ਕੀ ਰਾਣਾ' ਕਿਉਂਕਿ ਉਹ ਗਾਉਣ ਤੋਂ ਬਿਨਾਂ ਰਹਿ ਨਹੀਂ ਸਕਦੇ।

ਸਾਡੇ ਦੇਸ਼ ਦੇ ਪੁਰਾਣੇ ਰਿਸ਼ੀ ਦਰਿਆਵਾਂ ਦੇ ਸਰੋਦ ਵਿਚ ਆਪਣੇ ਰਿਗ ਦੇ ਮੰਤ੍ਰ ਗਾਉਣੇ ਆਰੰਭਦੇ ਸਨ। ਦੇਵਤਿਆਂ ਦੀ ਸਭਾ ਗੰਧਰਵਾਂ ਦੀ ਗੈਰ ਹਾਜ਼ਰੀ ਵਿਚ ਮੱਸਿਆ ਦੀ ਰਾਤ ਵਾਂਗ ਸੁੰਞੀ ਸੁੰਞੀ ਤੇ ਫਿਕੀ ਫਿਕੀ ਲਗਣ ਲੱਗ ਜਾਂਦੀ ਸੀ। 'ਨਾਰਦ ਗੀਤਾ' ਵਿਚ ਇਕ ਥਾਂ ਆਇਆ ਹੈ ਇਕ ਵੇਰ ਨਾਰਦ ਨੇ ਰੱਬ ਨੂੰ ਪੁਛਿਆ ਮੈਂ ਤੁਹਾਨੂੰ ਸਾਰੇ ਟੋਲਿਆ ਹੈ ਤੁਸੀਂ ਕਿਤੇ ਨਹੀਂ ਲਭੇ। ਠੀਕ ਠੀਕ ਦਸੋ, ਤੁਸੀਂ ਰਹਿੰਦੇ ਕਿਥੇ ਹੋ ?" ਭਗਵਾਨ ਨੇ ਕਿਹਾ ਨਾਰਦ ! ਮੈਂ ਬੈਕੁੰਠ ਵਿਚ ਤਾਂ ਟਿਕ ਕੇ ਬੈਠ ਨਹੀਂ ਸਕਦਾ ਤੇ ਨਾ ਹੀ ਯੋਗੀਆਂ ਦੇ ਸੁੰਨ ਧਿਆਨ ਮੈਨੂੰ ਖਿਚ ਸਕਦੇ ਹਨ ਮੈਂ ਤਾਂ ਉਥੇ ਹੀ ਰਹਿੰਦਾ ਹਾਂ ਜਿਥੇ ਮੈਨੂੰ ਗਾਉਣ ਵਾਲੇ ਮਸਤ ਹੋ ਕੇ ਗਾ ਰਹੇ ਹੋਣ।' ਦਸਿਆ ਜਾਂਦਾ ਹੈ ਕਿ ਨਾਰਦ ਉਸ ਸਮੇਂ ਤੋਂ ਹੀ ਹੱਥ ਵਿਚ ਵੀਣਾ ਫੜ ਕੇ ਸਦਾ ਕੀਰਤਨ ਕਰਦੇ ਆ ਰਹੇ ਹਨ।

ਇਉਂ ਅਸੀਂ ਵੇਖਦੇ ਹਾਂ ਕਿ ਮਾਮੂਲੀ ਜੀਵਾਂ ਤੋਂ ਲੈ ਕੇ ਪਰਮੇਸ਼ਰ ਤਕ ਸੰਗੀਤ ਦੀ ਮਹਾਨਤਾ ਮੰਨੀ ਜਾਂਦੀ ਹੈ। ਪਲੈਟੋ ਨੇ ਕਿਹਾ ਹੈ ਸੰਗੀਤ ਉਹ ਸਦਾਚਾਰਕ ਨੇਮ ਹੈ ਜੋ ਰੂਹਾਂ ਵਿਚ ਸਰਬ-ਸਾਂਝ ਪੈਦਾ ਕਰਦਾ ਮਨ ਨੂੰ ਅਸਮਾਨੀ ਖੰਭਾਂ ਤੇ ਭਾਵਾਂ ਨੂੰ ਉਡਾਰੀ ਦੀ ਦਾਤ ਦੇਂਦਾ ਹੈ। ਉਦਾਸ ਹਿਰਦਿਆਂ ਨੂੰ ਪ੍ਰਸੰਨਤਾ ਤੇ ਹਰ ਸ਼ੈ ਵਿਚ ਜ਼ਿੰਦਗੀਅ ਿਆਂ ਸੁਰਾਂ ਛੇੜਦਾ ਹੈ।'

ਅਜ ਕਲ ਪੱਛਮ ਵਿਚ ਸੰਗੀਤ ਨੂੰ ਸਰੀਰਕ ਰੋਗ ਮਿਟਾਉਣ ਲਈ ਵਰਤਿਆ ਜਾਣ ਲੱਗ ਪਿਆ ਹੈ ਤੇ ਇਸ ਦੇ ਤਜਰਬੇ ਬੜੇ ਰੰਗੇ ਸਫਲ ਸਾਬਤ ਹੋ ਰਹੇ ਹਨ। ਡਾ: ਵਿਲੀਅਮ ਵਾਨਦਵਾਲ ਦਸਦੇ ਹਨ ਕਿ ਇਕ ਆਦਮੀ ਜੋ ਦੇਰ ਤੋਂ ਪਾਗਲ ਸੀ ਉਸ ਦੀ ਅਵਾਜ ਬੜੀ ਸੁੰਦਰ ਤੇ ਰਸੀਲੀ ਸੀ ਮੈਂ ਰੋਜ਼ ਉਸ ਪਾਸ ਜਾ ਕੇ ਪਿਆਨੋ ਵਜਾਉਣਾ ਸ਼ੁਰੂ ਕਰ ਦਿਤਾ ਉਹ ਨਾਲ ਨਾਲ ਗਾਉਣ ਲਗ ਪੈਂਦਾ। ਇਉਂ ਕਰਨ ਨਾਲ ਉਸ ਦਾ ਪਾਗਲਪਣ ਛੇਤੀ ਹੀ ਦੂਰ ਹੋ ਗਿਆ। ਇਸੇ ਤਰ੍ਹਾਂ ਸੰਗੀਤ ਨਾਲ ਇਕ ਮਿਰਗੀ ਦੇ ਬੀਮਾਰ ਨੂੰ ਵੀ ਰਾਜ਼ੀ ਕੀਤਾ ਗਿਆ ਸੀ। ਗੱਲ ਇਹ ਹੈ ਕਿ ਸੰਗੀਤ ਦੀ ਅਵਾਜ਼ ਦਾ ਅਸਰ ਈਥਰ ਦੀਆਂ ਲਹਿਰਾਂ ਤੇ ਪੈਂਦਾ ਹੈ ਤੇ ਉਹ ਸੰਗੀਤ-ਭਰਪੂਰ ਲਹਿਰਾਂ ਮਨੁਖੀ ਅੰਗਾਂ ਤੇ ਡੂੰਘਾ ਅਸਰ ਪਾਉਂਦੀਆਂ ਹਨ। ਉਹ ਦਿਨ ਦੂਰ ਨਹੀਂ ਜਦੋਂ ਡਾਕਟਰ ਦਵਾਈਆਂ ਦੀਆਂ ਭਰੀਆਂ

ਸ਼ੀਸ਼ੀਆਂ ਛਡ ਕੇ ਆਪਣੀ ਦੁਕਾਨ ਸੰਗੀਤ ਦੇ ਸਾਜ਼ਾਂ ਨਾਲ ਵੀ ਸਜਾਇਆ ਕਰੇਗਾ ਤੇ ਸੰਗੀਤ ਵਿਗਿਆਨ ਸਿਖੇ ਬਿਨਾਂ ਕੋਈ ਸੱਜਣ ਡਾਕਟਰੀ ਵਿਚ ਸੰਪੂਰਨ ਨਹੀਂ ਹੋ ਸਕੇਗਾ।

ਕਹਿੰਦੇ ਹਨ ਦੂਜੀ ਸੰਸਾਰ ਜੰਗ ਵਿਚ ਨਾਜ਼ੀਆਂ ਨੇ ਨਾਰਵੇ ਦੀ ਰਾਜਧਾਨੀ ਓਸਲੋ ਤੇ ਦੋ ਦਿਨ ਗਾ ਗਾ ਕੇ ਹੀ ਕਬਜ਼ਾ ਜਮਾਈ ਰਖਿਆ ਸੀ, ਨਾਰਵੀਅਨ ਆਏ, ਨਾਜ਼ੀਆਂ ਦੀ ਸੰਗੀਤ ਪਾਰਟੀ ਦਾ ਗਾਣਾ ਹੀ ਸੁਣਦੇ ਰਹੇ। ਪਿਛੋਂ ਪਤਾ ਲਗਾ ਜਦੋਂ ਫੌਜਾਂ ਵੀ ਪੈਰਾਂ-ਸ਼ੂਟਾਂ ਨਾਲ ਆਣ ਉਤਰੀਆਂ, ਇਹ ਹੈ ਸੰਗੀਤ ਦੀ ਜਾਦੂਗਰੀ। ਹੁਣ ਤਕ ਸਾਡੇ ਦੇਸ਼ ਵਿਚ ਵੀ ਇਹ ਸੁਣਦੇ ਆ ਰਹੇ ਹਾਂ ਕਿ ਰਾਗੀ ਲੋਕ ਮਲ੍ਹਾਰ ਗਾ ਕਰ ਬਾਰਸ਼ ਪੁਆ ਲੈਂਦੇ ਸਨ। ਤੇ ਦੀਪਕ ਰਾਗ ਗਾਇਨ ਕਰਕੇ ਅਗਨੀ ਪ੍ਰਜਲਤ ਕਰ ਲੈਂਦੇ ਸਨ। ਇਸ ਮਾਦੀ ਯੁਗ ਵਿਚ ਸ਼ਾਇਦ ਅਸੀਂ ਇਤਨੇ ਮਾਦੀ ਅਸਰ ਤਾਂ ਨ ਮੰਨੀਏ। ਘਟ ਤੋਂ ਘਟ ਸਾਨੂੰ ਇਸਦਾ ਮਾਨਸਿਕ ਅਸਰ ਤਾਂ ਜ਼ਰੂਰ ਮੰਨਣਾ ਹੀ ਪਵੇਗਾ ਕਿ ਕਿਸੇ ਰਾਗ ਦੇ ਗਾਉਣ ਨਾਲ ਦਿਲ ਸ਼ੀਤਲ ਸ਼ਾਂਤ ਹੋ ਜਾਂਦਾ ਹੈ। ਤੇ ਕਿਸੇ ਨਾਲ ਬੀਰਤਾ ਪੂਰੇ ਉਛਾਲ ਵਿਚ ਆ ਜਾਂਦੀ ਹੈ, ਅਗਨੀ ਵਾਂਗ ਦਗਦਗ ਕਰਦੀ ਹੈ। ਅਜ ਕਲ ਵੀ ਫੌਜੀ ਸਿਪਾਹੀਆਂ ਨੂੰ ਜੰਗੀ ਰੰਗ ਵਿਚ ਉਕਸਾਉਣ ਲਈ ਮਾਰੂ ਵਾਜੇ ਵਜਾ ਕੇ ਤਿਆਰ ਕੀਤਾ ਜਾਂਦਾ ਹੈ। ਸੰਭਵ ਹੈ ਨਵੇਂ ਤਜਰਬਿਆਂ ਨਾਲ ਹਿੰਦੁਸਤਾਨ ਦੀ ਇਹ ਪੁਰਾਣੀ ਗੱਲ ਨੂੰ ਗਵਈਏ ਆਪਣੇ ਹੁਨਰ ਨਾਲ ਨਵੇਂ ਸਿਰਿਓਂ ਸੁਰਜੀਤ ਕਰ ਦੇਣ। ਸਾਡੇ ਦੇਸ਼ ਦੀ ਸੰਗੀਤ ਕਲਾ ਦੇ ਸਾਹਮਣੇ ਰਾਗਾਂ ਨਾਲ ਮੀਂਹ ਪਾਉਣੇ ਯਾ ਅੱਗਾਂ ਲਾਉਣੀਆਂ ਕੋਈ ਮੁਸ਼ਕਲ ਕੰਮ ਨਹੀਂ ਕਿਉਂਕਿ ਦੇਸ਼ ਦਾ ਸੰਗੀਤਕ ਹੁਨਰ ਬੜੀ ਚੋਟੀ ਤੇ ਪੁਜਾ ਹੋਇਆ ਸੀ। ਕਰਨਲ ਟਾਡ ਇਕ ਥਾਂ ਲਿਖਦੇ ਹਨ, ਕਿ ਅਸੀਂ ਜੋ ਕੁਝ ਜਾਣ ਸਕੇ ਹਾਂ, ਉਸ ਤੋਂ ਮਾਲੂਮ ਹੁੰਦਾ ਹੈ ਕਿ ਭਾਰਤੀ ਸੰਗੀਤ ਉਸ ਪੂਰਨਤਾ ਨੂੰ ਪੁਜਿਆ ਹੋਇਆ ਸੀ, ਜੋ ਅਜੇ ਤਕ ਯੂਰਪ ਨੂੰ ਅਲੱਭ ਹੈ।' ਇਸ਼ੇ ਤਰ੍ਹਾਂ ਇਸੇ ਵਿਸ਼ੇ ਤੇ ਸ੍ਰੀ ਮਤੀ ਐਨ. ਸੀ. ਵਿਲਸਨ ਨੇ ਆਪਣੇ ਖਿਆਲ ਜ਼ਾਹਰ ਕਰਦਿਆਂ ਕਿਹਾ ਹੈ ਕਿ 'ਹਿੰਦੁਸਤਾਨੀਆਂ ਲਈ ਇਹ ਫਖਰ ਦੀ ਗੱਲ ਹੈ ਕਿ ਉਨ੍ਹਾਂ ਦਾ ਸੰਗੀਤ-ਸਾਹਿੱਤ ਲਿਖਣ ਰੂਪ ਵਿਚ ਸੰਸਾਰ ਵਿਚ ਸਭ ਤੋਂ ਪ੍ਰਚੀਨ ਹੈ।'

ਰਿਸ਼ੀਆਂ ਵਲੋਂ ਵੇਦਕ ਮੰਤ੍ਰ ਵੀ ਬਾਕਾਇਦਾ ਸੰਗੀਤਕ ਨੇਮਾਂ ਅਨੁਸਾਰ ਗਾਏ ਜਾਂਦੇ ਸਨ। ਸ਼ਾਇਦ ਇਸ ਗੱਲ ਦਾ ਕਈ ਪਾਠਕਾਂ ਨੂੰ ਪਤਾ ਨ ਹੋਵੇ ਕਿ ਸਾਮਵੇਦ ਰਚਨਾ ਦੇ ਲਿਹਾਜ਼ ਨਾਲ ਕੋਈ ਵਖਰਾ ਵੇਦ ਨਹੀਂ। ਉਸ ਵਿਚ ਰਿਗ ਵੇਦ ਦੇ ਹੀ ਮੰਤ੍ਰ ਹਨ। ਫਰਕ ਇਤਨਾ ਹੈ ਕਿ ਉਸ ਵਿਚ ਗਾਉਣ ਦੇ ਚਿੰਨ੍ਹ ਹਰ ਮੰਤ੍ਰ ਨਾਲ ਦਿਤੇ ਹੋਏ ਹਨ। ਗੰਧਰਵ ਵੇਦ ਸੰਗੀਤ ਦਾ ਇਕ ਵਖਰਾ ਮਹਾਨ ਪੁਸਤਕ ਸੀ, ਜਿਸ ਦੀ ਪੂਰੀ ਕਾਪੀ ਅਜੇ ਤਕ ਮਿਲ ਨਹੀਂ ਸਕੀ। ਭਰਤ ਹਿੰਦੁਸਤਾਨ ਦਾ ਪ੍ਰਸਿਧ ਸੰਗੀਤ ਸਾਸ਼ਤ੍ਰੀ ਸੀ, ਜਿਸ ਇਸ ਵਿਸ਼ੇ ਵਿਸਤਾਰ-ਪੂਰਬਕ ਇਕ ਵਡਾ ਗ੍ਰੰਥ ਲਿਖਿਆ। ਇਸੇ ਤਰ੍ਹਾਂ ਪਿਛਲੇ ਸਮੇਂ ਦੇ ਗ੍ਰੰਥਾਂ ਵਿਚ ਚੰਗੇ-ਚੰਗੇ ਕਈ ਤਰ੍ਹਾਂ ਦੇ ਸਾਜ਼ਾਂ ਦਾ ਵੀ ਕਈ ਥਾਂ ਜ਼ਿਕਰ ਆਉਂਦਾ ਹੈ। ਰਿਸ਼ੀ ਬਾਲਮੀਕ ਆਪਣੀ ਰਮਾਇਣ ਵਿਚ ਮਧੂ-ਮੱਖੀਆਂ ਦੀ ਭਿੰਨ ਭਿਨਾਹਟ ਨੂੰ ਤਾਰ ਵਾਲੇ ਸਾਜ਼ ਤੇ ਮੇਘ ਦੀ ਗਰਜ ਨੂੰ ਮ੍ਰਿਦੰਗ ਦੀ ਅਵਾਜ਼ ਨਾਲ ਉਪਮਾ ਦਿੰਦੇ ਹਨ। ਚਾਲੂਕ ਬ ਦਸ਼ਾਹ

ਕਲਿੰਗ ਨੂੰ ਫਤੇ ਕਰਨ ਦੀ ਪ੍ਰਸੰਸਾ ਵਿਚ ਕਵੀ ਪ੍ਰਨਾਰ ਨੇ ਇਕ ਲੰਮੀ ਕਿਵਤਾ ਲਿਖੀ ਹੈ, ਜਿਸ ਵਿਚ ਉਹ ਚਾਰ ਸੌ ਦੇ ਲਗਭਗ ਸਾਜ਼ਾਂ ਦਾ ਸੰਕੇਤ ਕਰਦਾ ਹੈ।

ਸਾਨੂੰ ਇਸ ਸਮੇਂ ਵੀ ਸੰਗੀਤ ਦੇ ਵਿਸ਼ੇ ਤੇ ਸੰਸਕ੍ਰਿਤ ਵਿਚ ਨਾਟਯ ਸ਼ਾਸ੍ਤ੍ਰ, ਸੰਗੀਤ ਪਾਰਿਜਾਤ, ਸੰਗੀਤ ਰਤਨਾਕਰ, ਰਾਗ ਵਿਨੋਦ, ਰਾਗ ਮੰਜਰੀ, ਸੰਗੀਤ ਮੇਰੂ, ਧਰੁਵਪਦ ਟੀਕਾ, ਰਾਗਾਦਿਸਰ-ਨਿਰਣਯ, ਸੰਗੀਤ ਦਰਪਣ, ਤਾਲ ਦੀਪਕ, ਸੰਗੀਤ ਸਾਰ ਤੇ ਸੰਗੀਤ ਰਾਗਕਲਪਦ੍ਰੂਮ ਆਦਿ ਕਈ ਚੰਗੀਆਂ ਪੁਸਤਕਾਂ ਮਿਲ ਜਾਂਦੀਆਂ ਹਨ ਜਿਸ ਤੋਂ ਹਿੰਦੁਸਤਾਨੀ ਸੰਗੀਤਕ ਨਿਪੁਣਤਾ ਦੀ ਪੂਰੀ ਝਲਕ ਪੈਂਦੀ ਹੈ।

ਕਈ ਲੋਕ ਹਿੰਦੀ ਸੰਗੀਤ ਦੇ ਉਤਰੀ ਤੇ ਦੱਖਣੀ ਸੰਗੀਤ ਦੋ ਭੇਦ ਕਰਦੇ ਹਨ ਪਰ ਇਨ੍ਹਾਂ ਵਿਚ ਬਹੁਤਾ ਅੰਤਰ ਨਹੀਂ। ਇਤਨਾ ਜ਼ਰੂਰ ਹੈ ਕਿ ਉਤਰੀ ਹਿੰਦ ਦੇ ਸੰਗੀਤ ਤੇ ਬਾਹਰਲਾ ਕਾਫ਼ੀ ਪ੍ਰਭਾਵ ਪੈਂਦਾ ਰਿਹਾ ਹੈ ਤੇ ਦੱਖਣੀ ਸੰਗਿਤ ਇਸ ਅਸਰ ਤੋਂ ਅਛੂਤਾ ਰਿਹਾ ਹੈ।

ਹਿੰਦੀ ਸੰਗੀਤ ਦਾ ਇਤਿਹਾਸ ਜਾਣਨ ਲਈ ਅਸੀਂ ਇਸਨੂੰ ਤਿੰਨ ਸਮਿਆਂ ਵਿਚ ਵੰਡ ਸਕਦੇ ਹਾਂ, ਪ੍ਰਾਚੀਨ-ਯੁਗ, ਮਧ ਯੁਗ, ਤੇ ਵਰਤਮਾਨ ਪ੍ਰਾਚੀਨ ਯੁਗ ਪੁਰਾਣੇ ਸ਼ਾਸਤਰੀ ਸੰਗੀਤ ਦਾ ਹੈ ਇਸ ਬਾਰੇ ਕੁਝ ਗੱਲਾਂ ਦਾ ਪਤਾ ਭਰਤਮੁਨੀ ਦੇ ਗ੍ਰੰਥ ਤੋਂ ਹੀ ਲਗਦਾ ਹੈ। ਮੱਧ ਯੁਗ ਸਮੇਂ ਸੰਗੀਤ ਜ਼ਿਆਦਾ ਦੱਖਣ ਵਿਚ ਹੀ ਟਿਕਿਆ ਰਿਹਾ, ਉਤਰੀ ਹਿੰਦ ਰਾਜ-ਨੀਤਕ ਸ਼ੋਰ ਨਾਲ ਭਰਿਆ ਹੋਇਆ ਸੀ, ਇਥੇ ਸੰਗੀਤ ਦੀ ਕੋਮਲ ਵੀਨਾ ਕਿਵੇਂ ਛੇੜੀ ਜਾ ਸਕਦੀ ਸੀ ?

ਤੇਰ੍ਹਵੀਂ ਸਦੀ ਦੇ ਗਵਈਏ ਜੈਦੇਵ ਦੀ ਰਚਨਾ 'ਗੀਤ ਗੋਵਿੰਦ' ਸਾਨੂੰ ਮਿਲਦੀ ਹੈ। ਇਸਦਾ ਅੰਗਰੇਜ਼ੀ ਅਨੁਵਾਦ ਐਡਵਰਡ ਅਰਨਾਲਡ ਨੇ ਕੀਤਾ ਹੈ।

ਸਰ ਵਿਲੀਅਮ ਜੋਨਜ਼ ਕਹਿੰਦੇ ਹਨ ਕਿ ਜਦੋਂ ਮੈਂ ਜੈਦੇਵ ਦੇ ਗੀਤ ਪੜ੍ਹੇ ਤਾਂ ਹਰ ਗੀਤ ਨਾਲ ਪ੍ਰਾਚੀਨ ਰੀਤੀ ਮੁਤਾਬਕ ਸੰਗੀਤਕ ਸੁਰ-ਚਿੰਨ੍ਹ ਦਿਤੇ ਹੋਏ ਸਨ। ਮੈਂ ਇਸਦਾ ਮੂਲ ਸੰਗੀਤ ਲੱਭਣ ਦਾ ਯਤਨ ਕੀਤਾ। ਦੱਖਣ ਦੇ ਪੰਡਤਾਂ ਨੇ ਮੈਨੂੰ ਪੱਛਮੀ ਪੰਡਤਾਂ ਪਾਸ ਭੇਜਿਆ ਤੇ ਉਨ੍ਹਾਂ ਬ੍ਰਾਹਮਣਾਂ ਮੈਨੂੰ ਉਤਰ ਵਲ ਕਸ਼ਮੀਰ ਨੈਪਾਲ ਦੇ ਸਿਆਣਿਆਂ ਤੋਂ ਪੁਛਣ ਲਈ ਪ੍ਰੇਰਿਆ, ਜਦੋਂ ਮੈਂ ਉਨ੍ਹਾਂ ਪਾਸ ਪੁਜਾ ਉਨ੍ਹਾਂ ਕਿਹਾ, 'ਸਾਡੇ ਪਾਸ ਪ੍ਰਾਚੀਨ ਸੰਗੀਤ ਨਹੀਂ ਜੇਕਰ ਤੁਸੀਂ 'ਗੀਤ ਗੋਵਿੰਦ' ਦੇ ਸੁਰ ਲਭਣਾ ਹੀ ਚਾਹੁੰਦੇ ਹੋ, ਉਹ ਤੁਹਾਨੂੰ ਦੱਖਣ ਵਿਚੋਂ ਹੀ ਮਿਲ ਸਕਦੇ ਹਨ।' ਇਸ ਗਲ ਤੋਂ ਪਤਾ ਲਗਦਾ ਹੈ ਕਿ ਪ੍ਰਾਚੀਨ ਸੰਗੀਤ ਦੇ ਅਸਲੀ ਗਵਈਏ ਇਨ੍ਹਾਂ ਰਾਮ ਰੌਲਿਆਂ ਤੋਂ ਦੂਰ ਦੱਖਣ ਵਿਚ ਜਾ ਕੇ ਟਿਕੇ ਸਨ। ਦੱਖਣ ਇਕ ਤਰ੍ਹਾਂ ਭਾਰਤੀ ਸੰਗੀਤ ਦਾ ਤੋਸ਼ਾਖਾਨਾ ਸੀ।

੧੬ਵੀਂ ਸਦੀ ਦੇ ਅਖੀਰ ਰਿਆਸਤ ਅਲਵਰ ਦੇ ਰਾਜ ਦਰਬਾਰ ਦੇ੧੬ ਗਵਈਆਂ ਵਿਚੋਂ ਕੇਵਲ 4 ਗਵਈਏ ਹਿੰਦੂ ਸਨ। ਇਸ ਤੋਂ ਸਾਫ ਹੈ ਕਿ ਮੁਸਲਮਾਨੀ ਅਸਰ ਪੂਰੇ ਜੋਬਨ ਤੇ ਸੀ। ਇਸ ਸਮੇਂ ਹੀ ਅਮੀਰ ਖੁਸਰੋ ਨੇ ਕੱਵਾਲੀ ਦੀ ਪਰਿਪਾਟੀ ਚਲਾਈ। ਮੁਗਲ ਰਾਜਿਆਂ ਵਿਚੋਂ ਅਕਬਰ ਹੁਨਰ ਦਾ ਕਦਰਦਾਨ ਵਧਰੇ ਸੀ। ਇਸਦੇ ਸਮੇਂ ਹੀ ਮਧ

ਯੁਗ ਦੇ ਪ੍ਰਸਿਧ ਗਵਈਏ ਸ੍ਰੀ ਹਰੀਦਾਸ, ਤਾਨਸੈਨ, ਬੈਜੂ ਬਾਵਰਾ ਆਦਿ ਹੋਏ। ਇਨ੍ਹਾਂ ਬਾਰੇ ਰਾਗ ਦਾ ਪ੍ਰਭਾਵ ਪ੍ਰਗਟ ਕਰਨ ਵਾਲੀਆਂ ਕਈ ਕਥਾਵਾਂ ਪ੍ਰਚਲਤ ਹਨ। ਆਇਨੀ ਅਕਬਰੀ ਅਨੁਸਾਰ ਅਕਬਰੀ ਦਰਬਾਰ ਵਿਚ੩੬ ਗਵਈਏ ਸਨ ਉਸਦੇ ਅਹਿਲਕਾਰ ਵੀ ਸੰਗੀਤ ਵੇਤਾ ਸਨ ਰਾਜਾ ਮਾਨ ਸਿੰਘ ਧਰੁਪਦ ਗਾਉਣ ਵਿਚ ਬਹੁਤ ਪ੍ਰਬੀਨ ਸੀ। ਇਸੇ ਸਮੇਂ ਹੀ ਉਦੇਪੁਰ ਦੀ ਰਾਣੀ ਕਵੀਸ਼ਰੀ ਤੇ ਪ੍ਰਸਿਧ ਭਗਤਣੀ ਮੀਰਾਂ ਆਦਿ ਹੋਈਆਂ। ਵਿਸ਼ਨੂ ਪਦੇ ਰਚਨਹਾਰ ਤੁਲਸੀਦਾਸ ਦਾ ਸਮਾਂ ਵੀ ਇਹੋ ਹੈ ਸਿੱਖ ਗੁਰੂਆਂ ਵੀ ਰਾਬਾਬਾਂ, ਸਰੰਗੀਆਂ ਨਾਲ ਆਪਣੀਆਂ ਸੰਗਤਾਂ ਵਿਚ ਸੰਗੀਤਕ ਪ੍ਰਵਾਹ ਚਲਾਇਆ।

ਗੱਲ ਇਹ ਹੈ ਕਿ ਹਰ ਕਲਾ ਪ੍ਰਫੁਲਤ ਹੋਣ ਲਈ ਖੁਲ੍ਹਾ ਵਾਯੂਮੰਡਲ ਮੰਗਦੀ ਹੈ, ਮਾਨਸਿਕ ਆਜ਼ਾਦੀ ਬਿਨਾਂ ਕੋਈ ਹੁਨਰ ਸਿਖਰ ਤੇ ਚੜ੍ਹ ਪੁਜ ਨਹੀਂ ਸਕਦਾ। ਮੁਸਲਮ ਬਾਦਸ਼ਾਹ ਕੁਝ ਸ਼ਰਾਈ ਤੇ ਸਖਤ ਦਿਲ ਹੁੰਦੇ ਸਨ ਇਸ ਲਈ ਚੰਗੇ ਕਲਾਕਾਰ ਉਨ੍ਹਾਂ ਸਾਹਮਣੇ ਘੱਟ ਹੀ ਆਉਂਦੇ ਸਨ। ਪਰੰਤੂ ਅਕਬਰ ਇਨ੍ਹਾਂ ਔਗੁਣਾਂ ਤੋਂ ਸਾਫ ਸੀ, ਉਹ ਕਲਾ ਦੀ ਏਸ ਰਮਜ਼ੀ ਨੂੰ ਚੰਗੀ ਤਰ੍ਹਾਂ ਸਮਝਦਾ ਸੀ।

ਇਕ ਵੇਰ ਅਕਬਰ ਨੇ ਤਾਨਸੈਨ ਨੂੰ ਪੁਛਿਆ ਕਿ ਤੇਰੇ ਨਾਲੋਂ ਅੱਛਾ ਗਾਉਨ ਵਾਲਾ ਵੀ ਕੋਈ ਹੋਰ ਵੀ ਹੈ ?' ਉਸ ਨੇ ਕਿਹਾ, 'ਹਾਂ ਮੇਰੇ ਉਸਤਾਦ ਹਰਿਦਾਸ ਹਨ।' ਬਾਦਸ਼ਾਹ ਨੇ ਕਿਹਾ ਮੈਂ ਉਸਦਾ ਸੰਗੀਤ-ਕਰਤੱਵ ਦੇਖਣਾ ਚਾਹੁੰਦਾ ਹਾਂ। ਕਹਿੰਦੇ ਹਨ ਅਕਬਰ ਤਾਨ-ਸੈਨ ਦਾ ਸਾਜ਼ਿੰਦਾ ਬਣਕੇ ਤੁਰ ਪਿਆ। ਤਾਨਸੈਨ ਨੇ ਕਿਹਾ, ਉਸਤਾਦ ਜੀ ! ਅਸੀਂ ਗਾਣਾ ਸੁਣਨ ਆਏ ਹਾਂ ਪਰੰਤੂ ਹਰਿਦਾਸ ਨੇ ਇਨਕਾਰ ਕਰ ਦਿਤਾ। ਫਿਰ ਤਾਨਸੈਨ ਨੇ ਜਾਣ ਬੁਝ ਕੇ ਇਕ ਗ਼ਲਤ ਰਾਗ ਗਾਇਆ। ਸੁਆਮ ਹਰਿਦਾਸ ਗ਼ਲਤ ਸੁਰਾਂ ਸੁਣ ਕੇ ਬਰਦਾਸ਼ਤ ਨਾ ਕਰ ਸਕੇ ਤੇ ਉਨ੍ਹਾਂ ਗਾਉਣਾ ਸ਼ੁਰੂ ਕੀਤਾ। ਆਪ ਦਾ ਸੰਗੀਤ-ਕਰਤੱਵ ਦੇਖਕੇ ਅਕਬਰ ਮਸਤ ਹੋ, ਗਿਆ। ਬਾਦ ਵਿਚ ਅਕਬਰ ਨੇ ਰਾਹ ਵਿਚ ਆਉਂਦਿਆਂ ਤਾਨਸੈਨ ਨੂੰ ਪੁਛਿਆ ਕਿ ਕੀ ਗਲ ਹੈ ਤੂੰ ਕਿਉਂ ਨਹੀਂ ਇਤਨਾ ਅੱਛਾ ਗਾ ਸਕਦਾ ? ਤਾਨਸੈਨ ਨੇ ਜਵਾਬ ਦਿਤਾ, 'ਹਜ਼ੂਰ ! ਮੈਂ ਉਸ ਸਮੇਂ ਗਾਉਂਦਾ ਹਾਂ, ਜਦੋਂ ਬਾਦਸ਼ਾਹ ਸਲਾਮਤ ਹੁਕਮ ਕਰਦੇ ਹਨ ਪਰ ਮੇਰੇ ਉਸਤਾਦ ਹਰਿਦਾਸ ਉਦੋਂ ਪਸੰਦ ਕਰਦੇ ਹਨ ਜਦੋਂ ਉਨ੍ਹਾਂ ਦੀ ਆਤਮਾ ਅੰਦਰੋਂ ਬਿਹਬਲ ਹੋ ਕੇ ਉਛਲਦੀ ਹੈ।' ਇਹੋ ਚੰਗੇ ਕਲਾਕਾਰ ਦਾ ਸਹੀ ਮਾਰਗ ਹੈ।

ਖ਼ੈਰ ਅਕਬਰ ਸਮੇਂ ਭਾਰਤੀ ਸੰਗੀਤ ਦਾ ਸੁਨਹਿਰੀ ਜ਼ਮਾਨਾ ਸੀ ਜਹਾਂਗੀਰ ਵੇਲੇ ਲਾਲ ਖਾਂ ਵਗੈਰਾ ਚੰਗੇ ਗਵਈਏ ਸਨ ਸਨ ਔਰੰਗਜ਼ੇਬ ਸ਼ਰਾ ਦਾ ਮਾਰਿਆ ਹੋਇਆ ਪੱਕਾ ਸਿਰ-ਸੜਿਆ ਸੀ ਤੇ ਰਾਗ ਦੁਸ਼ਮਣ ਸੀ। ਇਸ ਨੇ ਸਾਰੇ ਗਵਈਆਂ ਨੂੰ ਤੋਰ ਦਿਤਾ। ਗਵ-ਈਆਂ ਨੇ ਬਾਦਸ਼ਾਹ ਨੂੰ ਠੀਕ ਰਾਹ ਤੇ ਲਿਆਉਣ ਲਈ ਇਕ ਜ਼ਨਾਜ਼ਾ ਬਾਜ਼ਾਰ ਵਿਚੋਂ ਕਢਿਆ ਤੇ ਆਖਿਆ 'ਰਾਗ ਮਰ ਗਿਆ ਹੈ ਅਸੀਂ ਇਸਦਾ ਅੰਤਮ ਸੰਸਕਾਰ ਕਰਨ ਚਲੇ ਹਾਂ।' ਔਰੰਗਜ਼ੇਬ ਨੂੰ ਵੀ ਇਸ ਗੱਲ ਦਾ ਪਤਾ ਲਗਾ, ਉਸ ਹੱਸ ਕੇ ਆਖਿਆ, 'ਚੰਗਾ ਹੋਇਆ ਕਮਬਖ਼ਤ ਮਰ ਗਿਆ ਹੈ। ਰਾਗੀਆਂ ਨੂੰ ਕਹੋ ਇਸ ਨੂੰ ਚੰਗਾ ਡੂੰਘਾ ਦਬਾ-

ਉਣ, ਤਾਂ ਕਿ ਇਸ ਦੀ ਚੀਖ ਪੁਕਾਰ ਮੁੜ ਮੇਰੇ ਕੰਨੀਂ ਨਾ ਪਵੇ।' ਇਉਂ ਰਾਗ ਰੁਲ਼ਦਾ-ਰੁਲ਼ਦਾ ਰੁਲ਼ ਗਿਆ।

ਇਸ ਸਮੇਂ ਜੈ ਪੁਰ ਦੇ ਮਹਾਰਾਜ ਪ੍ਰਤਾਪ ਸਿੰਹ ਦੇਵ (੧੭੬੯-੧੮੦੪ ਈ:) ਨੇ ਸੰਗੀਤ ਸਾਰਨਾਮੀ ਗ੍ਰੰਥ ਲਿਖਾਇਆ। ਇਸ ਪਿਛੋਂ ੧੮੪੨ ਈ, ਵਿਚ 'ਸੰਗੀਤ ਰਾਗ ਕਲਪਦ੍ਰਮ' ਨਾਮ ਦਾ ਇਕ ਮਹਾਨ ਗਰੰਥ ਲਿਖਿਆ ਗਿਆ, ੧੯ਵੀਂ ਸਦੀ ਦੇ ਅਖੀਰ ਸਰ ਐਸ. ਐਮ., ਟੈਗੋਰ ਨੇ 'ਯੂਨੀਵਰਸਲ ਹਿਸਟਰੀ ਆਫ ਦੀ ਮਿਊਜ਼ਕ' ਪੁਸਤਕ ਲਿਖੀ, ਇਹ ਇਕ ਚੰਗੀ ਖੋਜ ਪੁਸਤਕ ਹੈ।

ਦੱਖਣ ਦਾ ਸੰਗੀਤ ਮੁਸਲਮਾਨੀ ਗਵਈਆਂ ਦੀ ਸ਼ੇਖੀ ਤੋਂ ਬਚਿਆ ਰਿਹਾ। ਉਥੋਂ ਦਾ ਪ੍ਰਸਿੱਧ ਗਵਈਆ ਤਿਆਗਰਾਜ ਹੋਇਆ ਹੈ ਜਿਸ ਨੂੰ ਪੱਛਮ ਵਲੇ ਪੂਰਬ ਦਾ ਬੀਠੋ-ਫਨ ਤੇ ਉਤਰੀ ਹਿੰਦ ਵਾਲੇ ਦੱਖਣ ਦਾ ਤਾਨਸੈਨ ਕਹਿੰਦੇ ਹਨ। ਇਹ ਬੜਾ ਅਛਾ ਕਲਾਕਾਰ ਗਵਈਆ ਸੀ। ਇਸ ਦੇ ਗੀਤਾਂ ਨੂੰ 'ਕ੍ਰਿਤੀਆਂ' ਕਿਹਾ ਜਾਂਦਾ ਹੈ।

ਵਰਤਮਾਨ ਸਮੇਂ ਵੀ ਸਾਡੀ ਸੰਗੀਤਕ ਸ਼ਾਨ ਮੱਧਮ ਨਹੀਂ ਪਈ। ਬੜੇ ਚੰਗੇ ਚੰਗੇ ਕਲਾਕਾਰਾਂ ਕਾਫੀ ਇਜ਼ਤ ਤੇ ਸ਼ਾਨ ਪਾਈ ਹੈ। ਇਹਨਾਂ ਵਿਚੋਂ ਸ੍ਰੀ ਵਿਸ਼ਣੂ ਦਿਗੰਬਰ, ਪੰ: ਭਾਤ ਖੰਡ, ਪ੍ਰੋ. ਫਿਆਜ ਖ਼ਾਂ, ਖ਼ਾਂ ਸਾਹਿਬ ਫਤੂ, ਅਬਦੁਲ ਕਰੀਮ ਖਾਂ, ਕ੍ਰਿਸ਼ਨ ਰਾਉ, ਓਅੰਕਾਰ ਨਾਥ, ਕੇਦਾਰ ਨਾਥ ਸਹਿਗਲ, ਪਟਵਰਧਨ, ਯੁਤਕਾ ਰੋ, ਰਾਜਾ ਭੈਯਾ ਪੂਛ ਵਾਲੇ ਲਤਾ ਮੰਗੇਸ਼ਕਰ, ਪ੍ਰੋ. ਦਲੀਪ ਚੰਦ ਬੇਦੀ, ਪ੍ਰੋ: ਮੋਹਨ ਸਿੰਘ ਆਦਿ ਦੇ ਨਾਂ ਕਾਬਿਲ ਜ਼ਿਕਰ ਹਨ।

ਹੁਣ ਅਸੀਂ ਹਿੰਦੁਸਤਾਨੀ ਸੰਗੀਤ ਦੀਆਂ ਮੋਟੀਆਂ ਜਿਹੀਆਂ ਕੁਝ ਗੱਲਾਂ ਦਾ ਜ਼ਿਕਰ ਕਰਨ ਲਗੇ ਹਾਂ ਪੁਰਾਣੇ ਲੋਕ, ਸੰਗੀਤ ਦੀ ਇਹ ਤਾਰੀਫ ਕੀਤਾ ਕਰਦੇ ਸਨ:-

'ਗੀਤੰਵਾਦਯੰ ਤਥਾ ਨ੍ਰਿਤਯੰ ਤ੍ਰਯੰ ਸੰਗੀਤਮੁਚਯਤੇ।'

ਅਰਥਾਤ ਗਾਉਣ, ਵਜਾਉਣ ਤੇ ਨਿਰਤ ਦੇ ਮੇਲ ਨੂੰ ਸੰਗੀਤ ਕਹਿੰਦੇ ਹਨ। ਸੰਗੀਤ ਦੀ ਜਿੰਦ ਜਾਨ ਸੁਰ ਤੇ ਤਾਲ ਹੈ ਤੇ ਸੁਰ ਦਾ ਮੂਲ ਹੈ ਨਾਦ। ਇਹ ਨਾਦ ਦਾ ਘੇਰਾ ਅਤੀ ਲੰਮੇ ਚੌੜੇ ਸਾਗਰ ਵਾਂਗ ਹੈ ਇਸਦੀਆਂ ਸਿਧੀਆਂ, ਤਿਰਛੀਆਂ, ਉਭਰਵੀਆਂ ਲਹਿਰਾਂ ਹੀ ਵੱਖ ਵੱਖ ਰਾਗਾਂ ਦਾ ਰੂਪ ਧਾਰ ਲੈਂਦੀਆਂ ਹਨ। ਪ੍ਰਸਿਧ ਗਵਈਏ ਬੈਜੂ ਬਾਵਰੇ ਨੇ ਕਿਹਾ ਹੈ:-

ਨਾਦ ਉਦਧਿ ਅਥਾਹ ਅਤਿ, ਗੰਭੀਰ ਅਗਮ ਅਪਾਰ ਰੇ।

ਇਸ ਨਾਦ ਦੇ ਚਲਦੇ ਪ੍ਰਵਾਹ ਨੂੰ ਦੂਸਰੇ ਸ਼ਬਦਾਂ ਵਿਚ ਥਰਕ ਰਹੀ ਅਵਾਜ਼ ਨੂੰ ਸ਼ਰੁਤੀ ਕਿਹਾ ਜਾਂਦਾ ਹੈ, ਇਸਦਾ ਲਫਜ਼ੀ ਮਾਅਨਾ ਹੈ ਸੂੰਦ ਅਵਾਜ਼। ਇਨ੍ਹਾਂ ਦੀ ਗਿਣਤੀ ਪੁਰਾਣੇ ਲੋਕ 22 ਕਰਦੇ ਸਨ, ਕਈ ਗਵਈਏ ਆਪਣੇ ਗਲੇ ਨਾਲ ਇਸਤੋਂ ਵਧ 'ਅਵਾਜ਼ ਲਹਿਰਾਂ' ਭੀ ਬਣਾ ਲੈਂਦੇ ਹਨ। ਅਜਕਲ ਹਰਮੋਨੀਅਮ ਤੇ ੧੨ ਸ੍ਰਤੀਆਂ ਬਣਾਈਆਂ ਜਾਂਦੀਆਂ ਹਨ। ਜਦੋਂ ਸਰੁਤੀ ਦਾ ਪਹਿਰਾ ਹੋ ਜਾਵੇ ਉਸਨੂੰ 'ਸੁਰ' ਸਦਦੇ ਹਨ। ਸੁਰਾਂ ਖੜਜ, ਰਿਖੋਭ ਗੰਧਾਰ, ਮਧਮ ਪੰਚਮ, ਧੈਵਤ ਤੇ ਨਿਖਧ ਨਾਮ ਕਰਕੇ ਸੱਤ ਮੰਨੀਆਂ ਹਨ।

ਸਾ ਤੇ ਪਾ ਅਚਲ ਸੁਰ ਹਨ ਤੇ ਬਾਕੀ ਪੰਜ ਸੁਰ ਤੀਬ੍ਰ, ਕੋਮਲ ਭੇਦ ਨਾਲ ਦਸ ਹੋ ਜਾਂਦੇ ਹਨ, ਇਉਂ ਇਨ੍ਹਾਂ ਦੀਆਂ ੧੨ ਸਰੁਤੀਆਂ ਬਣ ਜਾਂਦੀਆਂ ਹਨ। ਸੁਰਾਂ ਦੇ ਰਹਿਣ ਦੀ ਥਾਂ ਨੂੰ ਗ੍ਰਾਮ (ਪਿੰਡ) ਕਿਹਾ ਜਾਂਦਾ ਹੈ। ਇਹ ਮੰਦਰ ਗ੍ਰਾਮ, ਮਧਮ ਗ੍ਰਾਮ ਤੇ ਤੀਬ੍ਰ ਗ੍ਰਾਮ ਭੇਦ ਕਰਕੇ ਤਿੰਨ ਕਿਸਮ ਦੇ ਹਨ। ਸਾਰੀਆਂ ਸੁਰਾਂ ਦੇ ਉਤਰਾ ਚੜ੍ਹਾ (ਅਵਰੋਹੀ, ਆਰਹੀ) ਕਰਨ ਨੂੰ ਮੂਰਛਨਾ ਕਹਿੰਦੇ ਹਨ। ਹਰ ਗ੍ਰਾਮ ਦੀਆਂ ਸੱਤ ਮੂਰਛਨਾ ਹੋਈਆਂ ਇਉਂ ਕੁਲ ੨੧ ਮੂਰਛਨਾਹ ਹਨ।

ਸੁਰਾਂ ਨੂੰ ਟਿਕਾ ਕੇ ਗਾਉਣ ਨੂੰ ਅਲਾਪ ਕਹਿੰਦੇ ਹਨ ਤੇਜ਼ੀ ਨਾਲ ਗਲਾ ਫ਼ੇਰਨ ਨੂੰ ਤਾਨ ਮਾਰਨਾ ਕਹਿੰਦੇ ਹਨ। ਪਲਟਾ ਤਾਨ ਦੇ ਹੀ ਇਕ ਟੁਕੜੇ ਨੂੰ ਆਖਿਆ ਜਾਂਦਾ ਹੈ।*

ਹਰ ਰਾਗ ਵਿਚ ਵਾਦੀ, ਸੰਵਾਦੀ ਅਨੁਵਾਦੀ ਤੇ ਵਿਵਾਦੀ 4 ਕਿਸਮ ਦੇ ਮੁਖ ਸੁਰ ਹਨ ਵਾਦੀ-ਮੁਖੀ ਸੁਰ ਨੂੰ ਕਹਿੰਦੇ ਹਨ, ਜੋ ਕਿਸੇ ਰਾਗ ਵਿਚ ਵਿਸ਼ੇਸ਼ ਥਾਂ ਰਖਦੀ ਹੋਵੇ। ਇਹ ਬਾਦਸ਼ਾਹ ਸੁਰ ਕਹੀ ਜਾਂਦੀ ਹੈ। ਉਸ ਦੀ ਸਹਾਇਕ ਸੁਰ ਨੂੰ ਕਹਿੰਦੇ ਹਨ। ਇਸ ਨੂੰ ਮੰਤਰੀ ਸੁਰ ਵੀ ਕਿਹਾ ਜਾਂਦਾ ਹੈ। ਸੰਵਾਦੀ ਦੀ ਮਦਦ ਕਰਨ ਵਲੀ ਸੁਰ ਅਨੁਵਾਦੀ ਆਖੀ ਜਾਂਦੀ ਹੈ, ਇਹ ਸੇਵਕ ਸੁਰ-ਨਾਮ ਨਾਲ ਪੁਕਾਰੀ ਜਾਦੀ ਹੈ। ਵਿਵਾਦੀ ਸੁਰ ਤੋਂ ਮੁਰਾਦ ਹੈ. ਰਾਗ ਦੀ ਦੁਸ਼ਮਨ ਸੁਰ ਇਹ ਰਾਗ ਵਿਚ ਵਿਵਰਜਤ ਹੁੰਦੀ ਹੈ। ਅਗਰ ਕਿਸੇ ਰੰਗ ਵਿਚ ਲਗ ਜਾਵੇ ਤਾਂ ਕਈ ਵਰ ਰਾਗ ਦੀ ਸ਼ਾਨ ਨੂੰ ਦੂਣਾਂ ਵੀ ਕਰ ਦੇਂਦੀ ਹੈ, ਜਿਵੇਂ ਰਣਛੇਤਰ ਵਿਚ ਹਾਰਿਆ ਵੈਰੀ ਬਾਦਸ਼ਾਹ ਦੇ ਪੈਰੀਂ ਪੈ ਉਸਦੇ ਮਾਣ ਨੂੰ ਵਧਾਉਂਦਾ ਹੈ। ਇਹ ਤਾਂ ਹੋਈ ਸੁਰਾਂ ਦੀ ਗੱਲ। ਤਾਲਹੀਨ ਸੁਰ ਰਾਗ ਦੀ ਗਵੈਸ਼ ਵਿਚ ਨਹੀਂ ਸ਼ਾਮਲ ਕੀਤਾ ਜਾ ਸਕਦਾ ਤਾਲ ਹੀ ਹੈ ਜੋ ਰਾਗ ਨੂੰ ਅਗੇ ਅਗੇ ਟੋਰਦਾ। ਰਾਗ ਨਾਮ ਹੀ ਤਾਲ ਵਿਚ ਸੁਰ ਉਚਾਰਣ ਦਾ ਹੈ, ਫਿਰ ਤਾਲ ਬਿਨਾਂ ਕਿਵੇਂ ਗੁਜ਼ਾਰਾ ਹੋ ਸਕਦਾ ਹੈ। ਰਾਗ ਵਿਚ ਸਮੇਂ ਦੀ ਲੈਅ ਨੂੰ ਬੰਨ੍ਹਣ ਵਾਲਾ ਤਾਲ ਹੈ, ਤਾਲ ਅਵਾਜ਼ ਦੇ ਸਮੇਂ ਦਾ ਮਾਪ ਕਰਦਾ ਹੈ ਇਹ ਗਵਈਏ ਦੇ ਖੰਭਾਂ ਵਾਂਗ ਹੈ, ਇਸ ਬਿਨ੍ਹਾਂ ਸੰਗੀਤਕ ਉਡਾਰੀ ਉਡਾਰੀ ਨਹੀਂ ਲਾਈ ਜਾ ਸਕਦੀ। ਗਾਉਣ ਵਜਾਉਣ ਤੇ ਨੱਚਣ ਤਿੰਨਾਂ ਲਈ ਲਾਜ਼ਮੀ ਚੀਜ਼ ਹੈ। ਇਸ ਨੂੰ ਪ੍ਰਗਟ ਕਰਨ ਲਈ ਢੋਲ, ਜੋੜੀ, ਤਬਲਾ, ਮ੍ਰਿਦੰਗ, ਢੋਲਕੀ, ਡਫ. ਡਮਰੂ, ਢੱਡ, ਮੰਜੀਰਾ, ਖੜਤਾਲ ਯਾ ਹੱਥਾਂ ਦੀਆਂ ਚੁਟ-ਕੀਆਂ ਆਦਿ ਤੋਂ ਕੰਮ ਲਿਆ ਜਾਂਦਾ ਹੈ ਇਸ ਦੇ ਦੋ ਕੰਮ ਹਨ-ਚੋਟ ਮਾਰਨੀ ਤੇ ਗਵੈਸ਼ ਨੂੰ ਨਿਖੇੜਨਾ। 'ਸੰਗੀਤ ਰਤਨਾਕਰ' ਦੇ ਲਿਖਾਰੀ ਨੇ ੧੨੦ ਤਾਲ ਮੰਨੇ ਹਨ ਤੇ ਤੇ ਦੂਲਹ-

---

*ਗ੍ਰਾਮ ਤੀਨ ਅਰ ਸਾਤ ਸੁਰ, ਮੂਰਛਨ ਹੈਂ ਇਕੀਸ  
ਤੀਨ ਤੀਨ ਲੈ ਮਾਤਰਾ, ਤਾਰ ਉਨੰਜਾ ਦੀਸ।  
ਯਤੀ ਮਕਾਨ ਸੁ ਤੀਸ ਹੈਂ, ਖਟ ਮੁਖ ਨੌਂ ਰਸ ਜਾਨ  
ਛੱਤੀ ਜਾਨੋ ਰਾਗ ਸਭ, ਚਾਲਿਸ ਭਾਵ ਪਚਾਨ।  
ਅਠੇ ਪਚਾਸਾ ਸੌ ਸਹਿਤ, ਰਾਗਨ ਕੇ ਅੰਗ ਬੀਰ  
ਭਰਤ ਮੁਨੀ ਭਾਖਨ ਕੀਏ, ਰਾਗ ਗਰੰਥ ਮਹਿ ਧੀਰ [ਪਚਤੰਤਰ]

ਖਾਂ ਨੇ ਆਪਣੇ 'ਸੁਰ ਸਾਗਰ' ਵਿਚ ਲਿਖਿਆ ਹੈ:-

'ਪੰਚ ਹਜ਼ਾਰ ਨੌਂ ਸੌ ਕਈ, ਤਾਲ ਕਹਾਵਤ ਨਾਮ
ਇਨਮੇਂ ਤੇ ਸੋਲਹ ਲੀਏ, ਇਨਸੇ ਚਲਤਾ ਕਾਮ।

੧੬ ਤਾਲ ਪ੍ਰਸਿੱਧ ਹਨ, ਮਾਤ੍ਰਾ ਦੇ ਵਧਾ ਘਟਾ ਨਾਲ ਹੀ ਤਾਲ ਵਿਚ ਫਰਕ ਪੈਂਦਾ ਹੈ ਸੰਖੇਪ ਵੇਰਵਾ ਇਹ ਹੈ:-

੪ ਮਾਤ੍ਰਾ-ਅੱਧਾ ਕਹਰਵਾ, ੬ ਮਾਤ੍ਰਾ-ਦਾਦਰਾ, ੭ ਮਾਤ੍ਰਾ-ਰੂਪਕ ਧਮਾਰ, । ੮ ਮਾਤ੍ਰਾ ਕਹਰਵਾ ਕਮਾਲੀ, ਧਮਾਲੀ । ੮ ਮਾਤ੍ਰਾ-ਬਸੰਤ ਮਹੇਸ਼ । ੧੦ ਮਾਤ੍ਰਾ ਝਪ, ਸੰਖ ੧੧ ਮਾਤ੍ਰਾ-ਚਕੋਰ, ਭਾਨਮਤੀ, ਜਗਪਾਲ ੧੨ ਮਾਤ੍ਰਾ-ਚੁਤਾਰਾ, ੧੩ ਮਾਤ੍ਰਾ-ਵਿਸ਼ਵ ਤਾਰ, ੧੪ ਮਾਤ੍ਰਾ-ਆੜਾ ਚੌਤਾਲ । ੧੫ ਮਾਤਰਾ-ਚੰਦਰ ਕਲਾ, ਸਵਾਰੀ । ੧੬ ਮਾਤਰਾ-ਤਿੰਨ ਤਾਲ, ੧੭-ਮਾਤਰਾ-ਵਿਸ਼ਵ ਵਿਸਣੂ, ੧੮ ਮਾਤਰਾ-ਗਣੇਸ਼ ਤਾਲ, ੧੯ ਮਾਤਰਾ ਸੇਸ਼ ਤਾਲ ੨੦ ਮਾਤ੍ਰਾ ਅਰਜਨ ਤਾਲ ।

ਤਾਲ ਪ੍ਰਗਟ ਕਰਨ ਲਈ ਅਜ ਕਲ ਜ਼ਿਆਦਾ ਤਬਲਾ ਵਰਤਿਆ ਜਾਂਦਾ ਹੈ। ਇਸ ਦੇ ਦਸ ਬੋਲ ਹਨ ।

ਧਾ, ਧਿਨ, ਤੇ ਰੇ, ਤਿਨ, ਨਾ ਕਧੀ ਤਾ ਤਿਨ ਕਤ ਵੀਚਾਰ ।
ਤਬਲਾ ਕੇ ਦਸ ਬੋਲ ਯਿਹ ਇਨ ਕੇ ਲੇਹੁ ਸੁਧਾਰ ।

ਮਨੁਖ ਦੀ ਜ਼ਿੰਦਗੀ ਸੰਗੀਤ, ਸੰਗੀਤ ਦੀ ਜਾਨ ਤਾਲ ਤੇ ਤਾਲ ਦਾ ਪ੍ਰਾਣ ਲੈਅ ਹੈ। ਲੈਅ ਤਾਲ ਦੀ ਬੱਝਵੀਂ ਇਕ ਰਸ ਚਾਲ ਨੂੰ ਕਹਿੰਦੇ ਹਨ । ਲੈਅ ਇਹ ਤਿੰਨ ਤਰ੍ਹਾਂ ਦਾ ਹੈ-ਬਿਲੰਬਿਤ, ਮੱਧਮ, ਤੇ ਦ੍ਰੁਤ। ਯਾਅਨੀ ਟਿਕਵੀਂ ਦਰਮਿਆਨੀ ਤੇ ਤੇਜ਼ । ਰਾਗ ਸੰਬੰਧੀ ਹਿੰਦੁਸਤਾਨ ਚ ੪ ਪ੍ਰਸਿਧ ਮਤ ਹਨ : ਸ਼ਿਵ ਮਤ, ਕ੍ਰਿਸ਼ਣ ਮਤ, ਹਨੂੰਮਾਂ ਮਤ ਤੇ ਭਰਮ ਮਤ । ਪਹਿਲੇ ਤਿੰਨ ਮਤਾਂ ਅਨੁਸਾਰ ਭੈਰਵ ਸ੍ਰੀ, ਮੇਘ, ਬਸੰਤ, ਪੰਚਮ ਤੇ ਨਾਰਾਇਣ ਛੇ ਮੁਖ ਰਾਗ ਹਨ । ਭਰਤ ਮਤ ਮੁਤਾਬਿਕ ਭੈਰਵ, ਸ੍ਰੀ ਰਾਗ, 'ਮੇਘ, ਦੀਪਕ, ਹਿੰਡੋਲ ਤੇ ਮਾਲਕੋਂਸ ਇਹ ਛੇ ਰਾਗ ਹਨ । ਪਹਿਲੇ ਮਤ ਹਰ ਰਾਗ ਦੀਆਂ ਛੇ ਛੇ ਰਾਗਨੀਆਂ ਅੱਠ ਅੱਠ ਰਾਗਪੁਤਰ ਤੇ ਅੱਠ ਅੱਠ ਰਾਗ ਨੂੰਹਾਂ ਮੰਨਦੇ ਹਨ । ਭਰਤ ਮਤ ਹਰ ਰਾਗ ਦੇ ਪੰਜ ਪੰਜ ਪੁਤਰ ਤੇ ਪੰਜ ਪੰਜ ਨੂੰਹਾਂ ਮੰਨਦਾ ਹੈ।

ਮੁਢਲੇ ਛੇ ਰਾਗਾਂ ਦੀ ਉਤਪਤੀ ਬਾਰੇ ਕਈ ਵਿਚਾਰ ਪ੍ਰਚਲਤ ਹਨ ਕਹਿੰਦੇ ਹਨ ਕਿ ਪੰਜ-ਮੁਖ ਸ਼ਿਵਜੀ ਨੇ ਪੰਜ ਰਾਗ ਤੇ ਇਕ ਪਾਰਬਤੀ ਦੇ ਮੂੰਹੋਂ ਉਚਾਰਣ ਹੋਇਆ ਕਈ ਛੇ ਰੁਤਾਂ ਅਨੁਸਾਰ ਰਾਗਾਂ ਦੀ ਬਣਤਰ ਦਸਦੇ ਹਨ । ਸ ਸੁਰ ਨੂੰ ਛੇ ਸੁਰਾਂ ਦੀ ਜਨਮ ਦੇਣ ਵਾਲੀ ਹੋਣ ਕਰਕੇ ਖੜਜ ਕਿਹਾ ਕਿਹਾ ਜਾਂਦਾ ਹੈ ਬਾਕੀ ਛੇ ਸੁਰਾਂ ਦੀ ਪ੍ਰਧਾਨਤਾ ਕਰਕੇ ਇਕ ਇਕ ਰਾਗ ਬਣਿਆ ਐਸਾ ਵੀ ਖਿਆਲ ਹੈ । ਰੇ ਪ੍ਰਧਾਨ ਸ੍ਰੀ ਰਾਗ, ਗਾ ਪ੍ਰਧਾਨ ਹਿੰਡੋਲ-ਮਾਂ ਪ੍ਰਧਾਨ ਮਾਲ ਕੌਸ਼, ਪਾ ਪ੍ਰਧਾਨ ਦੀਪਕ, ਧਾ ਪ੍ਰਧਾਨ ਭੈਰਵ ਤੇ ਨੀ ਪ੍ਰਧਾਨ ਮੇਘ ਰਾਗ ਮੰਨਿਆ ਗਿਆ ਹੈ । ਕਈਆਂ ਦੇ ਵਿਚਾਰ ਅਨੁਸਾਰ ਸਮੇਂ ਦੀ ਵੰਡ ਕਰਕੇ ਵੀ ਛੇ

ਰਾਗ ਮੰਨੇ ਗਏ। ਹਿੰਦੀ ਸੰਗੀਤ ਦਾ ਹਰ ਰਾਗ ਆਪਣੇ ਸਮੇਂ ਮੁਤਾਬਕ ਛੇੜਿਆ ਜਾਂਦਾ ਹੈ। ਵਿਦਵਾਨ ਗਵਈਏ ਕੁਵੇਲੇ ਦੇ ਰਾਗ ਨੂੰ ਨਿਖਿਧ ਸਮਝਦੇ ਹਨ। ਅਰੰਭਲੀ ਰਾਤ ਸਮੇਂ ਬਿਹਾਗ ਕੇਦਾਰਾ ਆਦਿ ਸ਼ਿੰਗਾਰ ਦੇ ਰਾਗ ਗਾਏ ਜਾਂਦੇ ਹਨ। ਅਧੀ ਰਾਤ ਦੇ ਅੰਧੇਰ ਵਿਚ ਭਿਆਨਕ ਤੇ ਰੌਦਰ ਰਸ ਦੇ ਰਾਗ ਮਾਲਕੌਂਸ ਵਗੈਰਾ ਛੇੜੇ ਜਾਂਦੇ ਹਨ। ਇਸੇ ਤਰ੍ਹਾਂ ਤੜਕੇ ਕਰੁਣਾਰਸ-ਪ੍ਰਧਾਨ ਰਾਮਕਲੀ ਟੋਡੀ ਆਦਿ ਤੇ ਦਿਨ ਚੜ੍ਹ ਭਗਤੀ ਰਸ ਦੇ ਰਾਗ-ਬਿਲਾਵਲ, ਭੈਰਵੀ ਵਗੈਰਾ ਗਾਇਨ ਕੀਤੇ ਜਾਂਦੇ ਹਨ।

ਇਸੇ ਤਰ੍ਹਾਂ ਸਮੇਂ ਦੇ ਰਾਗਾਂ ਵਾਂਗ ਦੇਸ-ਦੇਸ ਦੇ ਵੀ ਮੁਖ ਰਾਗ ਹਨ ਆਸਾ, ਧਨਾਸਰੀ, ਮਾਰੂ, ਗੂਜਰੀ, ਦੇਵ ਗੰਧਾਰੀ ਪਹਾੜੀ, ਸੋਰਠ ਤਿਲੰਗ (ਤੈਲਗੂ) ਇਹ ਸਭ ਦੇਸ਼ਾਂ ਦੇ ਨਾਮ ਤੇ ਹੀ ਰਾਗਾਂ ਦੇ ਨਾਂ ਰਖੇ ਗਏ ਹਨ। ਇਉਂ ਸਾਡਾ ਦੇਸ ਰਾਗਾਂ ਨੂੰ ਦੇਸ ਕਾਲ ਰੁਤਾਂ ਤੇ ਹਾਲਾਤ ਅਨੁਸਾਰ ਗਾਉਂਦਾ ਚਲਾ ਆਇਆ ਹੈ। ਰਾਗਾਂ ਦੀ ਸੁਰ-ਵੰਡ ਅਨੁਸਾਰ ਔੜਵ, ਖਾਵੜ ਤੇ ਸੰਪੂਰਨ ਤਿੰਨ ਕਿਸਮਾਂ ਕੀਤੀਆਂ ਜਾਂਦੀਆਂ ਹਨ। ਸੰਪੂਰਨ ਸੱਤ ਸੁਰਾਂ; ਖਾੜਵ ਛੇ ਸੁਰਾਂ ਤੇ ਔੜਵ ਪੰਜ ਸੁਰੇ ਰਾਗ ਨੂੰ ਕਹਿੰਦੇ ਹਨ। ਪੰਜ ਸੁਰਾਂ ਤੋਂ ਘੱਟ ਗਾਇਨ ਨੂੰ ਰਾਗ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ।

ਰਾਗਾਂ ਤੋਂ ਇਲਾਵਾ ਸੰਗੀਤ ਦੀਆਂ ੪ ਮੁਖ ਸ਼ੈਲੀਆਂ ਮੰਨੀਆਂ ਗਈਆਂ ਹਨ, ਉਨ੍ਹਾਂ ਦਾ ਜਾਣਨਾ ਵੀ ਜ਼ਰੂਰੀ ਹੈ। ਇਹ ਹਨ: ਧਰੁਪਦ, ਠੁਮਰੀ, ਟੱਪਾ ਤੇ ਖਿਆਲ।

ਧ੍ਰਪਦ-ਇਹ ਭਾਰਤੀ ਸੰਗੀਤ ਦੀ ਪੁਰਾਤਨ ਸ਼ੈਲੀ ਹੈ, ਨ ਇਹ ਕੋਈ ਰਾਗ ਹੈ ਨ ਤਾਲ। ਇਹ ਤੇ ਸ਼ਾਸਤਰੀ ਸੰਗੀਤ ਦੇ ਕੇਵਲ ਗਾਉਣ ਦਾ ਹੀ ਵਿਸ਼ੇਸ਼ ਢੰਗ ਹੈ, ਆਮ ਤੌਰ ਤੇ ਇਸ ਵਿਚ ਉਸਤਤੀ ਯਾ ਬੰਦਨਾ ਹੀ ਗਾਈ ਜਾਂਦੀ ਹੈ। ਇਸ ਦੇ ਮੋਢੀ ਤਾਨਸੈਨ ਸਨ, ਵੈਸੇ ਧ੍ਰੂਪਦ ਪਦ ਦਾ ਜ਼ਿਕਰ ੩੦੦ ਈ: ਦੀਆਂ ਪੁਰਾਣੀਆਂ ਕਿਤਾਬਾਂ ਵਿਚ ਵੀ ਮਿਲਦਾ ਹੈ। ਇਸਦੀ ਜਾਨ ਅਲਾਪ ਹੈ। ਗਵਈਏ ਘੰਟਾ ਘੰਟਾ 'ਓਅੰ' ਦਾ ਅਲਾਪ ਹੀ ਕਰਦੇ ਜਾਂਦੇ ਹਨ। ਮੁਸਲਮ ਗਵਈਏ ਵੀ ਹੁਣ ਤਕ 'ਓਮ' ਦਾ ਅਲਾਪ ਕਰਦੇ ਆਏ ਹਨ। ਇਸ ਤੋਂ ਇਸ ਸ਼ੈਲੀ ਦੀ ਪ੍ਰਾਚੀਨਤਾ ਤੇ ਹਿੰਦੁਸਤਾਨੀਅਤ ਪ੍ਰਗਟ ਹੋ ਰਹੀ ਹੈ। ਇਹ ਜ਼ਿਆਦਾਤਰ ਚਾਰ ਤਾਲ, ਰੁਦਰ, ਸੂਲ ਯਾ ਧਮਾਰ ਆਦਿ ਵਿਚ ਗਾਇਆ ਜਾਂਦਾ ਹੈ, ਇਸ ਦਾ ਪ੍ਰਚਾਰ ਘਟ ਰਿਹਾ ਹੈ।

੨. ਠੁਮਰੀ-ਇਹ ਸ਼ਿੰਗਾਰ ਰਸ ਗਾਉਣ ਲਈ ਪ੍ਰਸਿੱਧ ਸ਼ੈਲੀ ਹੈ। ਜ਼ਿਆਦਾਤਰ ਕ੍ਰਿਸ਼ਨ ਤੇ ਗੋਪੀਆਂ ਦੀਆਂ ਕਲੋਲਾਂ ਦੇ ਗੀਤ ਪ੍ਰਚਲਤ ਹਨ। ਲਲਨ ਪੀਆ, ਮੌਜੁਦੀਨ ਤੇ ਕਾਜਕਾਵਿੰਦਾ ਇਸ ਦੇ ਪ੍ਰਚਾਰਕ ਹੋਏ ਹਨ। ਲਖਨਊ ਤੇ ਬਨਾਰਸ ਇਸ ਦਾ ਕੇਂਦਰ ਰਹੇ ਹਨ। ਆਮ ਤੌਰ ਤੇ ਠੁਮਰੀ ਦਾ ਗਾਇਨ ਮੱਧਮ ਲੈਆਂ ਵਿਚ ਹੀ ਕੀਤਾ ਜਾਂਦਾ ਹੈ।

੩. ਟੱਪਾ-ਇਹ ਸਭ ਤੋਂ ਛੋਟਾ ਗੀਤ ਹੁੰਦਾ ਹੈ। ਜ਼ਿਆਦਾ ਕਾਫ਼ੀ ਪੀਲੂ, ਖਮਾਚ ਤੇ ਭੈਰਵੀ ਆਦਿ ਵਿਚ ਹੀ ਗਾਇਆ ਜਾਂਦਾ ਹੈ। ਪੰਜਾਬ ਦੇ ਗਵੀਏ ਸ਼ੋਰ ਮੀਆਂ ਨੇ ਇਸ ਦਾ ਪ੍ਰਚਾਰ ਕੀਤਾ ਸੀ, ਇਸੇ ਦੇ ਪੰਜਾਬੀ ਟੱਪੇ ਪ੍ਰਸਿੱਧ ਹਨ।

੪ ਖਿਆਲ-ਇਹ ਡੇਢ ਕੁ ਸੌ ਵਰ੍ਹਾ ਪੁਰਾਣੀ ਸ਼ੈਲੀ ਹੈ। ਸਦਾਰੰਗ ਤੇ ਅਦਾਰੰਗ ਨੇ ਇਸ ਨੂੰ ਪ੍ਰਚਲਤ ਕੀਤਾ ਸੀ। ਜੌਨ ਪੁਰ ਸੁਲਤਾਨ ਨੇ ਇਸ ਦਾ ਕਾਫੀ ਪ੍ਰਚਾਰ ਕੀਤਾ। ਇਸ ਤੋਂ ਇਲਾਵਾ ਭਜਨ, ਕੱਵਾਲੀ ਗ਼ਜ਼ਲ, ਲਾਵਨੀ, ਕਜਰੀ ਤੇ ਚਤੁਰੰਗ ਆਦਿ ਕਈ ਗਾਇਨ-ਸ਼ੈਲੀਆਂ ਪ੍ਰਚਲਤ ਹਨ। ਚਤੁਰੰਗ ਉਸਨੂੰ ਕਹਿੰਦੇ ਹਨ ਜਿਸ ਗਾਇਨ ਵਿਚ ਕਾਵਯ, ਤਰਾਨਾ, ਸਰਗਮ ਤੇ ਮਿਰਦੰਗ ਦੇ ਬੋਲ ਵੀ ਗਾ ਕੇ ਸੁਣਾਏ ਜਾਣ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਹਿੰਦੁਸਤਾਨੀ ਸੰਗੀਤ ਸਿੱਖਣ ਲਈ ਤਕੜਾ ਅਭਿਆਸ ਕਰਨਾ ਪੈਂਦਾ ਹੈ। ਇਸ ਤੋਂ ਬਿਨਾਂ ਕਲਾ ਨਹੀਂ ਆਉਂਦੀ, ਬੋਲਣਾ ਤਾਂ ਅੱਗੇ ਹੀ ਹਰ ਇਕ ਨੂੰ ਆਉਂਦਾ ਹੈ। ਗਵਈਏ ਲਈ ਰਾਗ-ਗਿਆਨ, ਸਾਜ਼ਾਂ ਦੀ ਵਿਦਿਆ, ਤਾਲ, ਲੈਅ, ਮੀਂਡ, ਗਲੇ ਦੀ ਮਿਠਾਸ ਤੇ ਸਾਫ ਸਪਸ਼ਟ ਉਚਾਰਣ ਸੱਤ ਗੁਣਾਂ ਦਾ ਹੋਣਾ ਜ਼ਰੂਰੀ ਹੈ। ਇਸ ਤੋਂ ਬਿਨਾਂ ਜੋ ਉਹ ਗਾਉਂਦਾ ਹੈ ਨਾ ਆਪਣੇ ਆਪ ਤੇ ਨਾ ਹੀ ਸਰੋਤਿਆਂ ਨਾਲ ਇਨਸਾਫ ਕਰਦਾ ਹੈ ਸਗੋਂ ਰਾਗ ਦੀ ਭਾਰੀ ਬੇਇੱਜ਼ਤੀ ਕਰਦਾ ਹੈ।

ਕਹਿੰਦੇ ਨੇ ਨਾਰਦ ਨੂੰ ਆਪਣੀ ਗਵੈਸ਼ ਦਾ ਹੰਕਾਰ ਹੋ ਗਿਆ ਕਿ ਮੈਂ ਬਹੁਤ ਸੋਹਣਾ ਗਾਉਂਦਾ ਹਾਂ ਪਰ ਗੱਲ ਇਸ ਦੇ ਉਲਟ ਸੀ। ਵਿਸ਼ਣੂ ਉਸ ਨੂੰ ਅਮਰਾਵਤੀ ਵਿਚ ਲੈ ਗਏ ਤੇ ਉਥੇ ਇਕ ਪਾਸੇ ਕਾਫੀ ਨਰ ਨਾਰੀਆਂ ਰੋ ਰਹੇ ਸਨ। ਮਹਾਰਾਜ ਵਿਸ਼ਣੂ ਨੇ ਅਗੇ ਹੋ ਕੇ ਪੁਛਿਆ ਤੁਸੀਂ ਕੌਣ ਹੋ ? ਉਨ੍ਹਾਂ ਬੇਨਤੀ ਕੀਤੀ ਅਸੀਂ ਸ਼ਿਵਾ ਦੇ ਪੁਤਰ ਧੀ-ਰਾਗ ਰਾਗਣੀਆਂ ਹਾਂ ਮਾਤ ਲੋਕ ਵਿਚ ਇਕ ਨਾਰਦ ਨਾਮ ਦਾ ਗਵਈਆ ਹੈ ਉਸਨੇ ਗ਼ਲਤ ਗਾ ਗਾ ਕੇ ਜ਼ਖਮੀ ਕਰ ਦਿਤਾ ਹੈ। ਕਿਸੇ ਦੀ ਲੱਤ ਬਾਂਹ ਭੱਜ ਗਈ ਹੈ ਕਿਸੇ ਦਾ ਮੂੰਹ ਸਿਰ ਹੀ ਉਡ ਗਿਆ ਹੈ।' ਇਹ ਸੁਣ ਨਾਰਦ ਦਾ ਅਭਿਮਾਨ ਮੱਠਾ ਪੈ ਗਿਆ।

ਇਸੇ ਤਰ੍ਹਾਂ ਇਕ ਵੇਰ ਬਾਵਜੂਦ ਰਾਮ ਚੰਦਰ ਜੀ ਦੇ ਹਟਾਉਣ ਦੇ ਹਨੂਮਾਨ ਨੇ ਗਾਉਣਾ ਸ਼ੁਰੂ ਕਰ ਦਿਤਾ, ਰਾਗ ਉਤਰਿਆ ਹੋਇਆ ਸੀ ਰੁਕ ਕਿਵੇਂ ਸਕਦਾ ਸੀ। ਕਹਿੰਦੇ ਨੇ ਹਨੂਮਾਨ ਦੇ ਗਾਉਣ ਨਾਲ ਇਕ ਅਪਸਰਾ ਮਰ ਗਈ ਜਿਸ ਨੂੰ ਰਾਮ ਜੀ ਨੇ ਇਕ ਚੰਗੇ ਗਵਈਏ ਰਿਸ਼ੀ ਪਾਸ ਲਿਜਾਕੇ ਜਿਉਂਦਿਆਂ ਕੀਤਾ।

ਇਨ੍ਹਾਂ ਕਹਾਣੀਆਂ ਦਾ ਭਾਵ ਇਹੋ ਹੈ ਕਿ ਅਣਜਾਣ ਰਾਗੀ ਆਪਣੀ ਭੈੜੀ ਗਵੈਸ਼ ਨਾਲ ਰਾਗਾਂ ਨੂੰ ਮਾਰ ਛੱਡਦੇ ਹਨ। ਕਿਸੇ ਨੂੰ ਜਾਨੋਂ ਮਾਰ ਦੇਣਾ ਮਹਾਂ ਪਾਪ ਹੀ ਹੈ ਨਾ, ਸੋ ਕਲਾ ਦੇ ਖੇਤਰ ਵਿਚ ਇਸ ਪਾਪ ਯਾ ਹਿੰਸਾ ਤੋਂ ਪਰਹੇਜ਼ ਚਾਹੀਦਾ ਹੈ।

ਇਹ ਜ਼ਮਾਨਾ ਰੇਡੀਓ, ਗਰਾਮੋਫੋਨ ਤੇ ਸਿਨੇਮਾ ਟਾਕੀ ਦਾ ਹੈ, ਜਿਸ ਕਰਕੇ ਸੰਗੀਤ ਕਲਾ ਦੀ ਥਾਂ ਚੁਲਚੁਲੀ ਤਰਜ਼-ਬਾਜ਼ੀ ਲੈ ਰਹੀ ਹੈ। ਪੱਕੇ ਰਾਗ ਸੁਣਨ ਦੇ ਸ਼ੌਕੀਨ ਘੱਟ ਹੀ ਹਨ, ਪੱਕੇ ਗਵਈਏ ਨੂੰ ਵੀ ਥੋੜਾ ਬਹੁਤ ਰੰਗ ਢੰਗ ਬਦਲਣਾ ਚਾਹੀਦਾ ਹੈ। ਹੁਣ ਉਹ ਪੁਰਾਣੇ ਜਮਨਾ ਕਿਨਾਰੇ ਮਟਕੀ ਭੰਨਣ ਦੇ ਕਿੱਸੇ ਬਾਹਲਾ ਚਿਰ ਨਹੀਂ ਚਲਾ ਸਕਦੇ।

ਸਾਡੀ ਸੰਗੀਤ-ਪ੍ਰਣਾਲੀ ਦੇ ਪੈਰ ਡੂੰਘੇ ਹਨ, ਇਹ ਪੱਛਮੀ ਹਨੇਰੀ ਨਾਲ ਉਖੇੜੀ ਨਹੀਂ ਜਾ ਸਕਦੀ। ਕੌਮਾਂ ਦਾ ਸੰਗੀਤ ਉਤਨਾ ਚਿਰ ਗਗਨੀ ਨਹੀਂ ਚੜ੍ਹਦਾ, ਜਿਤਨਾ ਚਿਰ ਉਸ ਦੀ ਜ਼ਿੰਦਗੀ ਦੇ ਸਾਜ਼ ਸੁਰ ਨ ਹੋਣ। ਸੰਗੀਤ ਮਹਾਨ ਕਲਾ ਹੈ, ਮਹਾਨ ਕੌਮਾਂ ਦੇ ਪਾਸ ਹੀ ਰਹਿ ਹੈ, ਸਾਨੂੰ ਆਪਣੀ ਬੀਤੇ ਤੇ ਭਵਿਸ਼ਤ ਦੀ ਮਹਾਨਤਾ ਤੇ ਪੂਰਾ ਪੂਰਾ ਵਿਸ਼ਵਾਸ ਇਕ ਸਮਾਂ ਆਵੇਗਾ, ਜਦੋਂ ਹਿੰਦੁਸਤਾਨੀ ਸੰਗੀਤ ਕਲਾ ਦਾ ਨਗ਼ਮਾ ਫਿਰ ਇਕ ਵੇਰ ਸੰਸਾਰ ਦੀ ਮਹਿਫਲ ਦਾ ਧਿਆਨ ਖਿਚ ਸਕੇਗਾ।

(ਹਿੰਦੁਸਤਾਨੀ ਕਲਾ — ਪੁਸਤਕ ਵਿਚੋਂ)

# ਆਇਆ ਜੀ ਵਿਚ ਤਲਵੰਡੀ

—ਹਰਬੰਸ ਕੌਰ
ਸਰਦਾਰਨੀ ਨਾਨਕ ਸਿੰਘ ਸ਼ਹੀਦ ਐਡਵੋਕੇਟ
ਲੰਡਨ ।

ਆਇਆ ਜੀ ਵਿਚ ਤਲਵੰਡੀ
ਭੈਣ ਨਾਨਕੀ ਬਲ ਬਲ ਜਾਵੇ ।
ਵੀਰ ਨੂੰ ਗੋਦੀ ਲੈ ਖਿਡਾਵੇ ।
ਖੁਸ਼ੀ ਕਰੇ ਨਵਖੰਡੀ, ਜੀ ਵਿੱਚ ਤਲਵੰਡੀ
ਜਗ ਮਗ ਜਗ ਮਗ ਹੋਈ ਦੁਨੀਆਂ
ਕਤਕ ਦੀ ਜਦ ਆਈ ਪੁੰਨਿਆ
ਫੁੱਲਾਂ ਵਿਚ ਆਈ ਸੁਗੰਧੀ, ਜੀ ਵਿਚ ਤਲਵੰਡੀ
ਮਾਤ ਤ੍ਰਿਪਤਾ ਤ੍ਰਿਪਤ ਹੋਈ, ਜਿਸਦੀ ਗੋਦੀ ਸਫਲ ਹੋਈ
ਪਿਤਾ ਨੇ ਦੌਲਤ ਵੰਡੀ, ਜੀ ਵਿਚ ਤਲਵੰਡੀ
ਰਾਏ ਬੁਲਾਰ ਜਦ ਦਰਸ਼ਨ ਕੀਤਾ, ਰਜ ਰਜ ਪ੍ਰੇਮ ਪਿਆਲਾ ਪੀਤਾ
ਸੱਚ ਖੰਡ ਦੀ ਦਿਸ ਪਈ ਡੰਡੀ, ਜੀ ਵਿਚ ਤਲਵੰਡੀ
ਦਾਈ ਦੌਲਤਾਂ ਦੌਲਤ ਪਾਈ, ਉਸਨੂੰ ਭੁੱਖ ਨਾ ਰਹੀ ਹੈ ਕਾਈ
ਹਰੀ ਨਾਮ ਨਾਲ ਗੰਢੀ, ਜੀ ਵਿਚ ਤਲਵੰਡੀ
ਕਲਿਆਨੇ ਚੰਦ ਘਰ ਚੰਦ ਹੈ ਆਇਆ
ਪਾਪਾਂ ਦਾ ਇਹ ਕਰੇ ਸਫ਼ਾਇਆ
ਦੁੱਖਾਂ ਦੀ ਵੱਢੇ ਜੰਡੀ, ਜੀ ਵਿਚ ਤਲਵੰਡੀ
ਚਾਰੇ ਲਾਲੂ ਨੇ ਲਾਲ ਵਾਰੇ, ਸੋਹਣਾ ਮੁੱਖੜਾ ਉਜੱਲ ਦਿਦਾਰੇ
ਬੰਸ ਜੱਸ ਹੋਇਆ ਚੁਖੰਡੀ, ਜੀ ਵਿਚ ਤਲਵੰਡੀ